
Postal No.-- G/CHD/0111/2018-2020

Regd No. 32212/78

# ਲੁਬਾਣਾ ਸੇਵਕ

ਅਪ੍ਰੈਲ 2019 ਮਾਸਿਕ ਮੁੱਲ : 15/-

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਖ਼ਾਲਸੇ ਦੇ ਪ੍ਰਗਟ ਦਿਵਸ ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ




## ਖਾਲਸਾ ਅਕਾਲ ਪੁਰਖ ਕੀ ਫੌਜ।
## ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ।

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# "ਭਾਗਾਂ ਭਰੀ ਵਿਸਾਖੀ"



ਵੈਸਾਖੀ ਦੇ ਮਹੀਨੇ ਵਿਚ ਕੁਦਰਤ ਰਾਣੀ ਨੇ ਖੇਤਾਂ ਵਿਚ ਸੋਨਾ ਖਿਲਾਰਿਆ ਹੁੰਦਾ ਹੈ ਜਿਸ ਨੂੰ ਇਕੱਠਾ ਕਰਨ ਲਈ ਹਰ ਇਕ ਨੂੰ ਚਾਅ ਹੁੰਦਾ ਹੈ, ਅਤੇ ਸਾਲ ਭਰ ਦੀ ਖ਼ੁਰਾਕ ਇਕੱਠੀ ਕੀਤੀ ਜਾਂਦੀ ਹੈ। ਇਸੇ ਖੁਸ਼ੀ ਵਿਚ ਵੈਸਾਖੀ ਦਾ ਮੇਲਾ ਵੀ ਕਈ ਥਾਵਾਂ ਤੇ ਲਗਦਾ ਹੈ। ਵੈਸਾਖੀ ਦੇ ਦਿਨ ਰਾਜਨੀਤਿਕ ਅਤੇ ਧਾਰਮਿਕ ਘਟਨਾਵਾਂ ਵੀ ਘਟੀਆਂ ਸਨ। ਜਿਵੇਂ ਜਦੋਂ ਸਾਡਾ ਦੇਸ਼ ਅੰਗਰੇਜ਼ਾਂ ਦਾ ਗੁਲਾਮ ਸੀ ਤਾਂ ਲੀਡਰਾਂ ਵੱਲੋਂ ਕਈ ਅੰਦੋਲਨ ਚਲਾਏ ਗਏ, ਇਸੇ ਲੜੀ ਵਿਚ ਹੀ ਸ਼੍ਰੀ ਅੰਮ੍ਰਿਤਸਰ ਸਾਹਿਬ ਵਿਖੇ ਜਲਿਆਂ ਵਾਲੇ ਬਾਗ਼ ਵਿਚ 1919 ਈ: ਦੀ ਵੈਸਾਖੀ ਵਾਲੇ ਦਿਨ ਹੀ ਇਕ ਕਾਨਫਰੰਸ ਰੱਖੀ ਗਈ ਸੀ ਅਤੇ ਇਸ ਦਿਨ ਕਾਫੀ ਗਿਣਤੀ ਵਿਚ ਸੰਗਤ ਇਕੱਠੀ ਹੋਈ ਸੀ। ਅੰਗਰੇਜ਼ ਸਰਕਾਰ ਨੂੰ ਇਸ ਦੀ ਬੜੀ ਤਕਲੀਫ ਹੋਈ ਤਾਂ ਉਸ ਵੇਲੇ ਜਨਰਲ ਡਾਇਰ ਨੇ ਨਿਹੱਥੇ ਭਾਰਤੀਆਂ ਉੱਤੇ ਗੋਲੀਆਂ ਦਾ ਮੀਂਹ ਬਰਸਾ ਕੇ ਸੈਂਕੜੇ ਲੋਕ ਮਾਰੇ ਅਤੇ ਫੱਟੜ ਕੀਤੇ। ਵੈਸਾਖੀ ਵਾਲੇ ਦਿਨ ਹੀ ਇੱਕ ਅਜਿਹੀ ਘਟਨਾ ਵਾਪਰੀ ਜਿਸ ਨੇ ਜੁੱਗ ਹੀ ਪਲਟ ਕੇ ਰੱਖ ਦਿੱਤਾ। ਹਿੰਦੁਸਤਾਨ ਦੇ ਲੋਕ ਧਾਰਮਿਕ ਤੇ ਜਿਸਮਾਨੀ ਤੌਰ 'ਤੇ ਏਨੇ ਕਮਜ਼ੋਰ ਹੋ ਚੁੱਕੇ ਸਨ ਕਿ ਵਿਦੇਸ਼ੀ ਹਮਲਾਵਰ ਆਪਣੀ ਤਲਵਾਰ ਦੇ ਜ਼ੋਰ ਨਾਲ ਇਨ੍ਹਾਂ ਪਾਸੋਂ ਡੰਗਰਾਂ ਵਾਂਗ ਕੰਮ ਲੈਂਦੇ ਸਨ। ਜੇਕਰ ਕੋਈ ਉੱਚਾ ਬੋਲਦਾ ਤਾਂ ਉਸਦਾ ਬੋਲ ਵੀ ਬੰਦ ਕਰ ਦਿੱਤਾ ਜਾਂਦਾ ਸੀ। ਇਸ ਹਾਲਤ ਨੂੰ ਵੇਖਦਿਆਂ ਹੋਇਆ ਸਿੱਖ ਧਰਮ ਦੇ ਦਸਵੇਂ ਗੁਰੂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਵੈਸਾਖੀ ਵਾਲੇ ਦਿਨ ਹੀ ਇੱਕ ਜੱਗ ਪਲਟਾਊ ਕੰਮ ਕੀਤਾ।

ਆਪ ਜੀ ਨੇ ਅਨੰਦਪੁਰ ਸਾਹਿਬ ਵਿਖੇ ਵੈਸਾਖੀ ਦੇ ਭਰਵੇਂ ਇਕੱਠ ਵਿਚ ਹੀ ਆਪਣੇ ਪੈਰੋਕਾਰਾਂ ਦੇ ਸਾਹਮਣੇ ਬੜੀ ਉੱਚੀ ਆਵਾਜ਼ ਨਾਲ ਆਖਿਆ ਕਿ ਮੈਨੂੰ ਇੱਕ ਸਿਰ ਦੀ ਲੋੜ ਹੈ? ਸੰਗਤ ਵਿਚ ਇਹ ਸੁਣ ਕੇ ਸਨਾਟਾ ਛਾ ਗਿਆ। ਹਰ ਕੋਈ ਇੱਕ ਦੂਜੇ ਦੇ ਮੂੰਹ ਵੱਲ ਵੇਖ ਕੇ ਸਿਰ ਨੀਵਾਂ ਕਰ ਲੈਂਦਾ। ਪਰ ਸੰਗਤ ਵਿਚ ਹੀ ਲਾਹੌਰ ਦਾ ਵਾਸੀ ਇੱਕ ਸਿੱਖ ਭਾਈ ਦਯਾ ਰਾਮ ਉੱਠਿਆ ਤੇ ਗਲ ਵਿਚ ਪੱਲਾ ਪਾ ਕੇ ਕਹਿਣ ਲੱਗਾ, "ਮਹਾਰਾਜ ਜੀ ਇਹ ਸਿਰ ਆਪ ਜੀ ਦੇ ਹਵਾਲੇ ਹੈ।" ਗੁਰੂ ਜੀ ਉਸ ਨੂੰ ਬਾਹੋਂ ਫੜ ਕੇ ਇੱਕ ਤੰਬੂ ਵਿਚ ਲੈ ਗਏ। ਉੱਥੇ ਬੜੇ ਜ਼ੋਰ ਦਾ ਖੜਕਾ ਹੋਇਆ ਤੇ ਗੁਰੂ ਸਾਹਿਬ ਲਹੂ ਨਾਲ ਭਿੱਜੀ ਹੋਈ ਤਲਵਾਰ ਲੈ ਕੇ ਸਟੇਜ ਤੇ ਫਿਰ ਆਏ ਤੇ ਦੁਬਾਰਾ ਫਿਰ ਉਹੀ ਆਵਾਜ਼ ਆਈ ਹੁਣ ਦਿੱਲੀ ਹਸਤਨਾਪੁਰ ਤੋਂ ਭਾਈ ਧਰਮ ਚੰਦ ਉੱਠਿਆ ਤੇ ਉਸ ਨੇ ਵੀ ਆਪਣਾ ਸੀਸ ਗੁਰੂ ਸਾਹਿਬ ਜੀ ਨੂੰ ਭੇਟ ਕੀਤਾ। ਇਸ ਪ੍ਰਕਾਰ ਭਾਈ ਹਿੰਮਤ ਰਾਏ, ਭਾਈ ਮੋਹਕਮ ਚੰਦ ਅਤੇ ਭਾਈ ਸਾਹਿਬ ਚੰਦ ਜੀ ਨੇ ਆਪਣੇ ਸੀਸ ਗੁਰੂ ਜੀ ਨੂੰ ਭੇਟ ਕੀਤੇ।

ਕੁਝ ਸਮੇਂ ਪਿੱਛੋਂ ਗੁਰੂ ਸਾਹਿਬ ਜੀ ਅਚਾਨਕ ਫਿਰ ਸਟੇਜ ਤੇ ਆਏ ਪਰ ਹੁਣ ਆਪਜੀ ਦੇ ਨਾਲ ਉਹ ਪੰਜੇ ਸਿੱਖ ਵੀ ਜਿਨ੍ਹਾਂ ਦੇ ਬਸਤਰ ਬਦਲੇ ਹੋਏ ਸਨ ਅਤੇ ਚਿਹਰਿਆਂ ਤੇ ਨੂਰ ਚਮਕਾਂ ਮਾਰ ਰਿਹਾ ਸੀ ਹਾਜ਼ਰ ਹੋਏ ਸਨ। ਸੰਗਤਾਂ ਵੇਖ ਕੇ ਹੈਰਾਨ ਹੋ ਰਹੀਆਂ ਸੀ। ਗੁਰੂ ਸਾਹਿਬ ਜੀ ਨੇ ਪੱਥਰ ਦੇ ਸੁਨਹਿਰੇ ਉੱਤੇ ਇੱਕ ਲੋਹੇ ਦਾ ਬਾਟਾ ਰੱਖ ਕੇ ਉਸ ਵਿਚ ਸਾਫ ਜਲ ਪਾਇਆ ਤੇ ਫੌਲਾਦੀ ਖੰਡਾ ਫੇਰਨਾ ਸ਼ੁਰੂ ਕਰ ਦਿੱਤਾ ਤੇ ਨਾਲ ਹੀ ਗੁਰਬਾਣੀ ਪੜ੍ਹਣੀ ਸ਼ੁਰੂ ਕਰ ਦਿੱਤੀ। ਇਸੇ ਸਮੇਂ ਦੌਰਾਨ ਮਾਤਾ ਜੀਤੋਂ ਜੀ ਨੇ ਕੁਝ ਪਤਾਸੇ ਪਾਣੀ ਵਿਚ ਪਾ ਦਿੱਤੇ। ਇਸ ਪ੍ਰਕਾਰ ਅੰਮ੍ਰਿਤ ਤਿਆਰ ਹੋ ਗਿਆ। ਗੁਰੂ ਸਾਹਿਬ ਜੀ ਨੇ ਮਰਿਆਦਾ ਅਨੁਸਾਰ ਪੰਜਾਂ ਵਿਅਕਤੀਆਂ ਨੂੰ ਪੰਜ ਪਿਆਰਿਆਂ ਦਾ ਖ਼ਿਤਾਬ ਦਿੱਤਾ।

ਇਸ ਉਪਰੰਤ ਆਪ ਜੀ ਨੇ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਛੱਕ ਕੇ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣ ਗਏ। ਇਸ ਮੌਕੇ ਤੇ ਹੀ ਲਗਭਗ 50 ਹਜ਼ਾਰ ਸਿੰਘਾਂ ਨੇ ਅੰਮ੍ਰਿਤ ਛੱਕਿਆ। ਗੁਰੂ ਸਾਹਿਬ ਜੀ ਨੇ ਸਭ ਨੂੰ ਸਿੱਖੀ ਰਹਿਤਾਂ ਤੇ ਕੁਰਹਿਤਾਂ ਬਾਰੇ ਜਾਣੂ ਕਰਵਾਇਆ। ਇਸ ਪ੍ਰਕਾਰ ਵਿਸਾਖੀ ਵਾਲੇ ਦਿਨ ਹੀ ਸਿੱਖ ਧਰਮ ਖਾਲਸਾ ਪੰਥ ਦੀ ਨੀਂਹ ਰੱਖੀ ਗਈ।

**ਜਗੀਰ ਸਿੰਘ ਲਾਲੀਆ**
**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਲੁਬਾਣਾ ਸੇਵਕ

**Chief Editor**
**S. Jagir Singh Lalia**
Sr. Audit Officer (Retd.)
# 1838, Phase-7, S.A.S. Nagar, M.: 98149-21838

**Addl. Chief Editor**
**S. Pritam Singh Naurangpur**
# 180, New Vijay Nagar, Jalandhar
M.: 98140-48241

**Editor**
**Engineer Parminderjit Singh**
524, GMT Jalandhar
singh_parminderjit@yahoo.com
M.: 99153-57524

**Co-Editor**
**S. Joginder Singh Ajaib, 421-A,**
Maharaja Ranjit Singh Avenue, Jalandhar-144009
M.: 98152-69145

**Prof. Jaswant Singh Ph.D.**
College Road, Begowal, Kapurthala
M.: 98724-66351

**Advisors**
S. Naginder Singh, Mohali, Jt. Director (Retd.)
97800-36205
S. Jagtar Singh Multani Chief Er. (Retd.) Jal.
M.: 94172-15940
Kashmir Singh Multani Maqsudan # 98150-01412

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫੋਨ - 0172-2657340
e-mail:lobanafoundation@gmail.com
Websitelink : bmslchd.org, lobanafoundation.org
FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 98149-21838, General Secretary-98763-58250

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।

**ਆਉਣ ਵਾਲੇ ਮਹੀਨੇ ਦੀ ਸੰਗਰਾਂਦ, ਮਿਤੀ ਅਤੇ ਦਿਨ**
ਸੰਗਰਾਂਦ - (੧ ਜੇਠ) 15-05-2019 (ਬੁੱਧਵਾਰ)
ਪੂਰਨਮਾਸ਼ੀ - (੪ ਜੇਠ) 18-05-2019 (ਸ਼ਨੀਵਾਰ)
ਮੱਸਿਆ - (੨੦ ਜੇਠ) 03-06-2019 (ਸੋਮਵਾਰ)

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ

## ਤਤਕਰਾ

ਜਿਲਦ ਨੰ. 41 | ਅੰਕ - 86 | ਅਪ੍ਰੈਲ - 2019

1. ਖ਼ਾਲਸੇ ਦੀ ਮਹਾਨਤਾ 4
2. ਵਿਸਾਖੀ ਦਾ ਕ੍ਰਿਸ਼ਮਾ 7
3. ਗੁਰਦੁਆਰੇ-ਗੁਰਧਾਮ ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ 9
4. ਜਪੁ ਜੀ ਦਾ ਪਉੜੀ-ਵਾਰ ਭਾਵ 10
5. ਏ ਦੁਇ ਨੈਨਾ ਮਤਿ ਛੁਹਉ 11
6. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ 14
7. ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੇ ਪ੍ਰਮੁੱਖ ਸਹਿਯੋਗੀ 17
8. ਅਗਿਆਨ ਅੰਧਕਾਰ ਦੇ ਵਿਨਾਸ਼ਕ : ਸ੍ਰੀ ਗੁਰੂ ਨਾਨਕ ਦੇਵ ਜੀ 18
9. ਸਿੱਖ ਰਹਿਮਤ ਮਰਯਾਦਾ 20
10. ਈਸਟ ਇੰਡੀਆ ਕੰਪਨੀ (ਅੰਗਰੇਜ਼ਾਂ) ਨਾਲ ਸੰਬੰਧ 21
11. ਭਾਰਤ ਵਿਚ ਸੌਰ ਊਰਜਾ ਕ੍ਰਾਂਤੀ ਦਾ ਆਧੁਨਿਕੀਕਰਨ 23
12. ਆਓ ਜਾਣੀਏ ! 26
13. ਕਹਾਣੀ 28
14. ਸਿਹਤ ਸੰਭਾਲ 31
15. ਕਾਵਿ-ਕਿਆਰੀ / ਸ਼ਬਦਾਂ ਦੇ ਸੰਜੋਗ 32
16. ਦਾਨੀ ਸੱਜਣਾਂ ਦੀ ਸੂਚੀ 33
17. Congratulations For Cracking UPSC-Civil Services 35
18. Special on the eve of Birthday Bebe Nanki Ji 36
19. The Farmer's Distress : Is it due to market..... 37
20. Matrimonial 41

'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।

**Printed & Published by**
**Jagir Singh Lalia for Baba Makhan Shah Lobana Foundation (Regd.)**
**Sector 30-A, Chandigarh.**

**Computer Designing - WP&S, M.: 98153-78692**

# ਖ਼ਾਲਸੇ ਦੀ ਮਹਾਨਤਾ






**ਜੋਗਿੰਦਰ ਸਿੰਘ ਅਜੈਬ**
**ਕੋ-ਐਡੀਟਰ**
98152-69145


ਖਾਲਸਾ ਪੰਥ ਦੀ ਸਾਜਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਮਤ ੧੭੫੬ (੧੬੯੯ ਈ:) ਵਿਚ ਵੈਸਾਖੀ ਵਾਲੇ ਦਿਨ ਕੀਤੀ। ਵੈਸਾਖੀ ਦਾ ਤਿਉਹਾਰ ਭਾਰਤ ਦਾ ਇਕ ਸਮਾਜਿਕ ਤਿਉਹਾਰ ਹੈ ਜੋ ਪੁਰਾਤਨ ਸਮੇਂ ਤੋਂ ਸਾਰੇ ਭਾਰਤ ਵਿਚ ਮਨਾਇਆ ਜਾਂਦਾ ਰਿਹਾ ਹੈ। ਇਸ ਵੇਲੇ ਤਕ ਹਾੜ੍ਹੀ ਦੀ ਫ਼ਸਲ ਪੱਕ ਕੇ ਤਿਆਰ ਹੋ ਗਈ ਹੁੰਦੀ ਹੈ। ਇਸ ਦਿਨ ਸਾਰੇ ਲੋਕ ਬਿਨਾਂ ਕਿਸੇ ਭੇਦ ਭਾਵ ਦੇ ਨਵੀਆਂ ਆਸਾਂ ਤੇ ਉਮੀਦਾਂ ਲੈ ਕੇ ਮੇਲਿਆਂ ਵਿਚ ਖੁਸ਼ੀ ਨਾਲ ਸ਼ਰੀਕ ਹੁੰਦੇ ਹਨ। ਮਨੁੱਖਤਾ ਨੂੰ ਖਾਲਸੇ ਦੀ ਵਡਮੁੱਲੀ ਦਾਤ ਦੇਣ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦਿਨ ਨੂੰ ਚੁਣਿਆ ਕਿਉਂਕਿ ਖਾਲਸੇ ਦਾ ਸੰਕਲਪ ਮਨੁੱਖਤਾ ਨੂੰ ਦੁੱਖਾਂ ਤੋਂ ਨਜਾਤ ਦਿਵਾਉਣ ਲਈ ਅਤੇ ਉਸ ਦੇ ਸਰਬ ਪੱਖੀ ਵਿਕਾਸ ਲਈ ਇਕ ਅਗੰਮੀ ਵਰਦਾਨ ਸੀ। ਇਕ ਨਵੇਂ ਸਜਰੇ ਜੀਵਨ ਦੀ ਸ਼ੁਰੂਆਤ ਸੀ¢ ਵੈਸਾਖ ਮਹੀਨੇ ਨੂੰ ਗੁਰਬਾਣੀ ਵਿਚ 'ਭਲਾ' ਕਿਹਾ ਗਿਆ ਹੈ।

**ਵੈਸਾਖੁ ਭਲਾ ਸਾਖਾ ਵੇਸ ਕਰੇ ॥** (ਪੰਨਾ ੧੧੦੮)

ਖਾਲਸੇ ਦੀ ਸਾਜਨਾ ਦੀ ਪ੍ਰਕਿਰਿਆ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਹੀ ਅਰੰਭ ਹੋ ਗਈ ਸੀ। ਲਗਾਤਾਰ ਸੈਂਕੜੇ ਸਾਲ ੧੦ ਗੁਰੂ ਸਾਹਿਬਾਨ ਦੀ ਸਰਪ੍ਰਸਤੀ ਵਿਚ ਇਸ ਦਾ ਵਿਕਾਸ ਹੁੰਦਾ ਰਿਹਾ। ਦਸ ਗੁਰੂ ਸਾਹਿਬਾਨ ਵਿਚ ਇੱਕੋ ਹੀ ਗੁਰੂ ਜੋਤ ਵਰਤਦੀ ਸੀ। ਉਨਾਂ ਦੀ ਬਾਣੀ ਦਾ ਭਾਵ, ਉਦੇਸ਼ ਤੇ ਵਿਚਾਰਧਾਰਾ ਇੱਕ ਹੀ ਸੀ।

ਇਸ ਅਨਮੋਲ ਗੁਰਮਤਿ ਵਿਚਾਰਧਾਰਾ ਦੀ ਸਿਖਰ ਸੀ— ਖਾਲਸੇ ਦੀ ਸਾਜਨਾ। ਖਾਲਸਾ ਇੱਕ ਆਦਰਸ਼ ਪੁਰਖ ਹੈ। ਇਸ ਨੂੰ ਗੁਰਬਾਣੀ ਵਿਚ ਸਚਿਆਰ, ਗੁਰਮੁਖ, ਬ੍ਰਹਮ ਗਿਆਨੀ ਕਿਹਾ ਗਿਆ ਹੈ। ਖਾਲਸਾ ਇਕ ਸਰਵ ਪੱਖੀ, ਸਰਬ ਪ੍ਰਕਾਰ ਦੇ ਸਦ ਗੁਣਾਂ ਨਾਲ ਭਰਪੂਰ, ਆਤਮ ਵਿਸ਼ਵਾਸ, ਸਵੈ ਨਿਰਭਰ ਤੇ ਸੰਪੂਰਨ ਮਨੁੱਖ ਹੈ। ਖਾਲਸਾ ਸੰਤ ਵੀ ਹੈ ਸਿਪਾਹੀ ਵੀ, ਖਾਲਸਾ ਗੁਰੂ ਵੀ ਹੈ ਤੇ ਸਿੱਖ ਵੀ, ਖਾਲਸਾ ਗ੍ਰਿਹਸਤੀ ਵੀ ਹੈ ਤੇ ਯੋਗੀ ਵੀ, ਖਾਲਸਾ ਭਗਤ ਵੀ ਹੈ, ਸੂਰਬੀਰ ਵੀ ਹੈ ਤੇ ਦਾਤਾਰ ਵੀ ਹੈ। ਖਾਲਸਾ ਦ੍ਰਿੜ੍ਹ ਵੀ ਹੈ ਤੇ ਨਿਮਰ ਵੀ ਹੈ¢ ਖਾਲਸਾ ਨਿਰਭੈ ਵੀ ਹੈ ਤੇ ਨਿਰਵੈਰ ਵੀ ਹੈ। ਖਾਲਸਾ ਹਰ ਪ੍ਰਕਾਰ ਦੇ ਗਿਆਨ ਦਾ, ਸ਼ਕਤੀਆਂ ਦਾ ਭੰਡਾਰ ਹੈ ਇਸ ਲਈ ਨਿਰੰਜਨ ਰੂਪ ਹੈ। ਇਹ ਇਕ ਅਜਿਹੀ ਸ਼ਖ਼ਸੀਅਤ ਹੈ ਜਿਸ ਬਾਰੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਫੁਰਮਾਇਆ ਹੈ:

**ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ ॥**
**ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥**

(ਪੰਨਾ ੪੬੯)

ਖਾਲਸਾ ਸਿੱਧਾ ਪਰਮਾਤਮਾ ਨਾਲ ਸੰਬੰਧਿਤ ਹੈ। ਹਰਿ ਤੋਂ ਬਿਨਾਂ ਉਹ ਕਿਸੇ ਦੇ ਅਧੀਨ ਨਹੀਂ ਕਿਸੇ ਦਾ ਮੁਹਤਾਜ ਨਹੀਂ। ਉਹ ਸ਼ਬਦ ਦੀ ਨਿਰੰਜਨੀ ਜੋਤ ਦਾ ਪੂਜਕ ਹੈ। ਖਾਲਸਾ ਅਕਾਲ ਪੁਰਖ ਦੇ ਹੁਕਮ ਵਿਚ ਹੈ ਇਸ ਲਈ ਇਸ ਨੂੰ ਧੁਰੋਂ ਸਰਦਾਰੀ ਪ੍ਰਾਪਤ ਹੈ।

ਖਾਲਸਾ ਕਿਸੇ ਪ੍ਰਕਾਰ ਦੇ ਕਰਮ ਕਾਂਡ ਵਹਿਮ ਭਰਮ ਨੂੰ ਨਹੀਂ ਮੰਨਦਾ। ਜਿਸ ਦੇ ਹਿਰਦੇ ਅੰਦਰ ਪਰਮਾਤਮਾ ਦਾ ਪ੍ਰਤੱਖ ਗਿਆਨ ਜਗਮਗਾਉਂਦਾ ਹੈ ਅਤੇ ਜਿਸ ਦੇ ਮਨ ਵਿੱਚੋਂ ਅਗਿਆਨਤਾ ਦਾ ਭਰਮ ਮਿਟ ਜਾਂਦਾ ਹੈ, ਉਹ ਹੀ ਅਸਲ ਵਿਚ ਖਾਲਸਾ ਹੈ। ਗੁਰੂ ਜੀ ਨੇ ਖਾਲਸੇ ਦਾ ਸਿਰਫ ਆਦਰਸ਼ ਹੀ ਨਹੀਂ ਪੇਸ਼ ਕੀਤਾ ਸਗੋਂ ਅਮਲੀ ਰੂਪ ਵਿਚ ਖਾਲਸਾ ਬਣ ਕੇ ਵੀ ਮਿਸਾਲ ਪੇਸ਼ ਕੀਤੀ ਹੈ¢

**ਖਾਲਸ ਖਾਸ ਕਹਾਵੈ ਸੋਈ, ਜਾ ਕੈ ਹਿਰਦੈ ਭਰਮ ਨ ਹੋਈ।**
**ਭਰਮ ਭੇਖ ਤੇ ਰਹੈ ਨਿਆਰਾ, ਸੋ ਖਾਲਸ ਸਤਿਗੁਰੂ ਹਮਾਰਾ।**

(**ਸ੍ਰੀ ਗੁਰ ਸੋਭਾ**)

ਵੈਸਾਖੀ ਦੇ ਦਿਹਾੜੇ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਖਾਲਸੇ ਦੀ ਸਾਜਨਾ ਕੀਤੀ¢ ਇਸੇ ਪਵਿੱਤਰ ਅਸਥਾਨ ਤੇ ਅੱਜ ਤਖਤ ਸ੍ਰੀ ਕੇਸਗੜ੍ਹ ਸਾਹਿਬ ਸੁਸ਼ੋਭਿਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਸ ਤਰ੍ਹਾਂ ਸਿੱਖੀ ਧਾਰਨ ਲਈ ਸਿਰ ਦੇਣ ਦੀ ਸ਼ਰਤ ਰੱਖੀ ਸੀ, ਉਸੇ "ਸਿਰੁ ਧਰਿ ਤਲੀ ਗਲੀ ਮੇਰੀ ਆਉ" ਦੇ ਸਿਧਾਂਤ ਨੂੰ ਅਮਲੀ ਜਾਮਾ ਪਹਿਨਾਉਂਦਿਆਂ ਗੁਰੂ ਜੀ ਨੇ ਭਰੇ ਦੀਵਾਨ ਵਿਚ ਸਿੱਖਾਂ ਕੋਲੋਂ ਸੀਸ ਦੀ ਮੰਗ ਕੀਤੀ। ਗੁਰੂ ਜੀ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਦੀਵਾਨ ਵਿੱਚੋਂ ਪੰਜ ਸਿੰਘ ਆਪਣਾ ਸੀਸ ਗੁਰੂ ਚਰਨਾਂ ਵਿਚ ਭੇਟ ਕਰਨ ਲਈ ਉੱਠੇ। ਇਹ ਸਿੱਖ



ਸਨ, ਭਾਈ ਦਇਆ ਰਾਮ, ਭਾਈ ਧਰਮ ਦਾਸ, ਭਾਈ ਹਿੰਮਤ ਚੰਦ, ਭਾਈ ਮੁਹਕਮ ਚੰਦ ਤੇ ਭਾਈ ਸਾਹਿਬ ਚੰਦ। ਗੁਰੂ ਜੀ ਨੇ ਇਨ੍ਹਾਂ ਪੰਜਾਂ ਨੂੰ ਨਵੇਂ ਬਸਤਰ ਤੇ ਸ਼ਸਤਰ ਪਹਿਨਾਏ। ਖੰਡੇ ਬਾਟੇ ਦੀ ਪਾਹੁਲ ਹੱਥੀਂ ਤਿਆਰ ਕਰ ਕੇ ਉਨ੍ਹਾਂ ਨੂੰ ਛਕਾਈ ਅਤੇ ਆਪਣੇ ਪਿਆਰਿਆਂ ਦੀ ਪਦਵੀ ਦਿੱਤੀ। ਇਨ੍ਹਾਂ ਸਭਨਾਂ ਦੇ ਨਾਵਾਂ ਨਾਲ ਸਿੰਘ ਪਦ ਲਾਇਆ ਗਿਆ। ਇਨ੍ਹਾਂ ਦੇ ਨਵੇਂ ਨਾਂ ਰੱਖੇ ਗਏ, ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੁਹਕਮ ਸਿੰਘ ਅਤੇ ਭਾਈ ਸਾਹਿਬ ਸਿੰਘ। ਇਨ੍ਹਾਂ ਦਾ ਪੁਰਾਣਾ ਕੁਲ ਵਰਣ ਨਾਸ ਕਰ ਕੇ ਖਾਲਸੇ ਦਾ ਰੂਪ ਬਖ਼ਸ਼ਿਆ। ਫਿਰ ਇਨ੍ਹਾਂ ਤੋਂ ਆਪ ਖੰਡੇ ਦੀ ਪਾਹੁਲ ਛਕ ਕੇ ਗੁਰੂ ਚੇਲੇ ਦਾ ਫਰਕ ਮਿਟਾ ਦਿਤਾ। ਭਾਈ ਗੁਰਦਾਸ ਜੀ ਨੇ ਲਿਖਿਆ:

**ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।**
**ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।**

**(ਵਾਰ ੪੧:੧)**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਸਿੰਘਾਂ ਨੂੰ ਗੁਰੂ ਦੀ ਇਕ ਸੰਸਥਾ ਦਾ ਰੂਪ ਦੇ ਦਿੱਤਾ ਤਾਂ ਜੋ ਗੁਰਮਤਿ ਦਾ ਪ੍ਰਚਾਰ ਨਿਰੰਤਰ, ਸਰਵਕਾਲ ਤੇ ਸਰਵ ਵਿਆਪਕ ਕੀਤਾ ਜਾ ਸਕੇ। ਇਸ ਤਰ੍ਹਾਂ ਗੁਰੂ ਜੀ ਨੇ ਆਪਣੇ ਪੰਜ ਰਹਿਤਵਾਨ ਸਿੰਘਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਰਹਿ ਕੇ ਅੰਮ੍ਰਿਤ ਸੰਚਾਰ ਕਰਨ ਦਾ ਅਧਿਕਾਰ ਦੇ ਦਿੱਤਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਜਪੁਜੀ ਸਾਹਿਬ ਵਿਚ ਪੰਚਾਂ ਭਾਵ ਗੁਰਮੁਖਾਂ ਨੂੰ ਸ੍ਰੇਸ਼ਟ ਤੇ ਆਦਰਯੋਗ ਆਖਿਆ ਗਿਆ ਹੈ। ਗੁਰਬਾਣੀ ਵਿਚ ਸਿੱਖ ਤੇ ਗੁਰੂ ਨੂੰ ਇਕ ਹੀ ਸਮਝਿਆ ਗਿਆ ਹੈ ਕਿਉਂਕਿ ਦੋਵਾਂ ਦਾ ਆਧਾਰ ਇੱਕੋ ਗੁਰਮਤਿ ਸਿਧਾਂਤ ਹੁੰਦਾ ਹੈ:

**ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ॥**

**(ਪੰਨਾ ੪੪੪)**

**ਪੰਚ ਪਰਵਾਣ ਪੰਚ ਪਰਧਾਨੁ॥ ਪੰਚੇ ਪਾਵਹਿ ਦਰਗਹਿ ਮਾਨੁ॥**
**ਪੰਚੇ ਸੋਹਹਿ ਦਰਿ ਰਾਜਾਨੁ॥ ਪੰਚਾ ਕਾ ਗੁਰੁ ਏਕੁ ਧਿਆਨੁ॥**

**(ਪੰਨਾ ੩)**

ਇਹ ਪੰਚ ਜਾਂ ਬ੍ਰਹਮ ਗਿਆਨੀ ਸਿੱਖ ਖਾਲਸੇ ਦੀ ਰਹਿਣੀ ਬਹਿਣੀ ਵਿਚ ਪੂਰਨ ਹੋਣੇ ਚਾਹੀਦੇ ਹਨ। ਇਨ੍ਹਾਂ ਦੀ ਰਹਿਤ ਮਰਯਾਦਾ ਨਿਸ਼ਚਿਤ ਹੈ ਜੋ ਕਿਸੇ ਵੀ ਸੂਰਤ ਵਿਚ ਭੰਗ ਨਹੀਂ ਹੋਣੀ ਚਾਹੀਦੀ। ਖਾਲਸਾ 'ਸਾਬਤ ਸੂਰਤ ਦਸਤਾਰ ਸਿਰਾ' ਦੇ ਆਦਰਸ਼ ਅਨੁਸਾਰ ਹੋਣਾ ਚਾਹੀਦਾ ਹੈ। ਇਸ ਲਈ ਪੰਜ ਕਕਾਰ-ਕਛਹਿਰਾ, ਕੇਸ, ਕਿਰਪਾਨ, ਕੰਘਾ ਤੇ ਕੜਾ ਦਾ ਧਾਰਨ ਕਰਨਾ ਜ਼ਰੂਰੀ ਹੈ ਅਤੇ ਚਾਰ ਕੁਰਹਿਤਾਂ ਇਸ ਲਈ ਮਨ੍ਹਾਂ ਹਨ-ਤਮਾਕੂ, ਕੁੱਠਾ, ਪਰ ਇਸਤਰੀ ਦਾ ਗਮਨ ਤੇ ਰੋਮਾਂ ਦੀ ਬੇਅਦਬੀ¢ਇਸ ਤੋਂ ਇਲਾਵਾ ਖਾਲਸੇ ਲਈ ਬਾਣੀ ਤੇ ਬਾਣਾ ਦੋਵੇਂ ਇੱਕੋ ਜਿਹੇ ਜ਼ਰੂਰੀ ਹਨ। ਇਸ ਨੇ ਗੁਰਬਾਣੀ ਨੂੰ ਗੁਰੂ ਮੰਨਣਾ ਹੈ ਤੇ ਗੁਰੂ ਦੇ ਸ਼ਬਦ ਨੂੰ ਹਿਰਦੇ ਵਿਚ ਵਸਾ ਕੇ ਨਾਮ ਦੇ ਅੰਮ੍ਰਿਤ ਵਿਚ ਆਪਣੇ ਮਨ ਨੂੰ ਰੰਗਣਾ ਹੈ। ਖਾਲਸੇ ਨੂੰ ਸ਼ਸਤਰ ਬਸਤਰ ਸਜਾ ਕੇ ਰੱਖਣੇ ਚਾਹੀਦੇ ਹਨ। ਖਾਲਸੇ ਦਾ ਉਦੇਸ਼ ਸਿਰਫ ਆਪਣੇ ਲਈ ਜਿਊਂਣਾ ਨਹੀਂ ਹੈ। ਇਹ ਇਕ ਮਹਾਨ ਪਰਉਪਕਾਰੀ ਯੋਧਾ ਵੀ ਹੈ। ਇਸ ਨੇ ਧਰਤੀ 'ਤੇ ਮਜ਼ਲੂਮਾਂ ਦੀ ਸਹਾਇਤਾ ਕਰਨੀ ਹੈ। ਜ਼ਾਲਮਾਂ ਦਾ ਵਿਰੋਧ ਕਰਨਾ ਹੈ। ਇਸ ਨੇ ਆਪਣਾ ਤਨ-ਮਨ-ਧਨ ਗੁਰੂ ਨੂੰ ਸੌਂਪ ਦਿੱਤਾ ਹੁੰਦਾ ਹੈ।

ਇਹ ਹੈ ਖਾਲਸੇ ਦਾ ਅੰਦਰਲਾ ਰੂਪ ਕਿ ਗਿਆਨ ਰਾਹੀਂ ਮਨ ਦੀ ਕਾਇਰਤਾ ਨੂੰ ਹੂੰਝ ਕੇ ਬਾਹਰ ਕੱਢ ਦੇਵੇ। ਖਾਲਸੇ ਨੇ ਅਜਿਹਾ ਹੀ ਕੀਤਾ।

ਚੱਪੜ ਚਿੜੀ ਦੇ ਮੈਦਾਨ ਵਿਚ ਬਾਬਾ ਬੰਦਾ ਸਿੰਘ ਬਹਾਦਰ ਅਤੇ ਸਾਥੀ ਸਿੱਖ ਯੋਧਿਆਂ ਨੇ ਹਾਥੀ ਘੋੜਿਆਂ ਦੀ ਸੈਨਾ ਨੂੰ ਮਿੱਟੀ ਵਿਚ ਰੋਲ ਦਿੱਤਾ ਅਤੇ ੧੨ ਮਈ ੧੭੧੦ ਈ: ਨੂੰ ਸਰਹਿੰਦ ਦੀ ਧਰਤੀ 'ਤੇ ਸਿੱਖ ਰਾਜ ਦਾ ਖਾਲਸਾਈ ਪਰਚਮ ਲਹਿਰਾ ਦਿੱਤਾ। ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਮਹਾਰਾਜਾ ਰਣਜੀਤ ਸਿੰਘ ਅਤੇ ਅਕਾਲੀ ਫੂਲਾ ਸਿੰਘ ਵਰਗੇ ਯੋਧੇ ਖਾਲਸਾ ਪੰਥ ਵਿਚ ਪੈਦਾ ਹੋਏ ਜਿਨ੍ਹਾਂ ਨੇ ਬਦੇਸ਼ੀ ਜਰਵਾਨਿਆਂ ਨੂੰ ਬਾਹਰ ਧਕੇਲ ਦਿੱਤਾ। ਸਰਦਾਰ ਹਰੀ ਸਿੰਘ ਨਲੂਆ ਵਰਗੇ ਜਰਨੈਲ ਹੋਏ ਜਿਨ੍ਹਾਂ ਤੋਂ ਖ਼ੂੰਖਾਰ ਪਠਾਣ ਵੀ ਭੈਅ ਖਾਂਦੇ ਸਨ। ਉਸ ਇਲਾਕੇ ਦੀਆਂ ਇਸਤਰੀਆਂ ਅਜੇ ਵੀ ਆਪਣੇ ਬੱਚਿਆਂ ਨੂੰ 'ਹਰੀਆ ਰਾਗਲੇ' ਕਹਿ ਕੇ ਰੋਣ ਤੋਂ ਚੁੱਪ ਕਰਾਉਂਦੀਆਂ ਹਨ। ਉਨ੍ਹਾਂ ਅੰਦਰ ਇਹ ਗੁਰਮਤਿ ਦੀ ਹੀ ਤਾਕਤ ਸੀ। ਖਾਲਸੇ ਨੇ ਅਨੇਕਾਂ ਬੇਮਿਸਾਲ ਜੰਗਾਂ ਲੜੀਆਂ ਪਰ ਉਨ੍ਹਾਂ ਨੂੰ ਸਿੱਖ ਇਤਿਹਾਸ ਦਾ ਅੰਗ ਹੋਣ ਕਰਕੇ ਦੂਜੀਆਂ ਕੌਮਾਂ ਨੇ ਪੂਰੀ ਤਰ੍ਹਾਂ ਨਹੀਂ ਜਾਣਿਆ। ਇਸ ਦੇ ਮੁਕਾਬਲੇ ਤੇ ਅੰਗਰੇਜ਼ ਰਾਜ ਸਮੇਂ ਸਾਰਾਗੜ੍ਹੀ ਦੇ ਸਾਕੇ ਨੂੰ ਅੰਗਰੇਜ਼ ਅਫ਼ਸਰਾਂ ਨੇ ਅੱਖੀਂ ਵੇਖਿਆ ਅਤੇ ਵਾਇਰਲੈੱਸ ਤੇ ਕੰਨੀਂ ਸੁਣਿਆ ਸੀ। ਬਰਤਾਨੀਆਂ ਦੀ ਸਰਕਾਰ ਨੇ ਖਾਲਸੇ ਦੀ ਇਸ ਬੀਰਤਾ, ਕੁਰਬਾਨੀ ਤੇ ਨਿਰਭੈਤਾ ਦੀ ਆਪਣੀ ਪਾਰਲੀਮੈਂਟ ਵਿਚ ਸ਼ਲਾਘਾ ਕੀਤੀ।

ਖਾਲਸੇ ਦੀ ਉਪਮਾ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਬਹੁਤ ਕੁਝ ਕਿਹਾ ਹੈ। ਖਾਲਸੇ ਨੂੰ ਆਪਣਾ ਰੂਪ, ਆਪਣਾ ਇਸ਼ਟ, ਆਪਣਾ ਪਿੰਡ ਪਰਾਨ ਤੇ ਸਤਿਗੁਰੂ ਪੂਰਾ ਆਖ ਕੇ ਖਾਲਸੇ ਦੀ ਉਪਮਾ ਵਰਣਨ ਤੋਂ ਬਾਹਰ ਦੱਸੀ ਹੈ। ਅਖੀਰ ਵਿਚ ਇਹ ਵੀ ਕਿਹਾ ਹੈ ਕਿ ਇਸ ਦੇ ਵਿਚ ਕੋਈ ਅਤਿਕਥਨੀ ਨਹੀਂ ਹੈ ਕਿ ਮੈਂ ਇਹ ਪਾਰਬ੍ਰਹਮ ਤੇ ਸ੍ਰੀ ਗੁਰੂ ਨਾਨਕ ਸਾਹਿਬ ਨੂੰ ਸਾਖੀ ਰੱਖ ਕੇ ਕਹਿ ਰਿਹਾ ਹਾਂ:

**ਖਾਲਸਾ ਮੇਰੋ ਰੂਪ ਹੈ ਖਾਸ। ਖਾਲਸੇ ਮਹਿ ਹੌ ਕਰੌ ਨਿਵਾਸ।**
**ਖਾਲਸਾ ਮੇਰੋ ਇਸ਼ਟ ਸੁਹਿਰਦ। ਖਾਲਸਾ ਮੇਰੋ ਕਹੀਅਤਿ ਬਿਰਦ।**
**ਖਾਲਸਾ ਮੇਰੋ ਪਿੰਡ ਪਰਾਨ। ਖਾਲਸਾ ਮੇਰੀ ਜਾਨ ਕੀ ਜਾਨ।**
**ਖਾਲਸਾ ਮੇਰੋ ਸਤਿਗੁਰ ਪੂਰਾ। ਖਾਲਸਾ ਮੇਰੋ ਸਜਨ ਸੂਰਾ।**
**ਸੇਸ ਰਸਨ ਸਾਰਦ ਸੀ ਬੁਧ। ਤਦਪ ਨ ਉਪਮਾ ਬਰਨਤ ਸੁਧ।**
**ਯਾ ਮੈ ਰੰਚ ਨ ਮਿਥਿਆ ਭਾਖੀ¢ ਪਾਰਬ੍ਰਹਮ ਗੁਰ ਨਾਨਕ ਸਾਖੀ।**

**(ਸਰਬ ਲੋਹ ਗ੍ਰੰਥ)**

ਖਾਲਸਾ ਗੁਰੂ ਦਾ ਪੈਰੋਕਾਰ ਹੀ ਨਹੀਂ ਸਗੋਂ ਗੁਰੂ ਘਰ ਦਾ ਅਸਲੀ ਵਾਰਿਸ ਵੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਨ ਵਿਚ ਖਾਲਸੇ ਦਾ ਦਰਜਾ ਬਹੁਤ ਉੱਚਾ ਸੀ।

ਆਮ ਤੌਰ ਤੇ ਸਿੱਖ ਗੁਰੂ ਦੀ ਕਿਰਪਾ ਦਾ ਪਾਤਰ ਹੁੰਦਾ ਹੈ ਪਰ ਗੁਰੂ ਸਾਹਿਬ ਨੇ ਆਪਣੇ ਆਪ ਉੱਤੇ ਖਾਲਸੇ ਦੀ ਕਿਰਪਾ ਦਾ ਸ਼ੁਕਰਾਨਾ ਕੀਤਾ ਹੈ। ਜਿਵੇਂ ਸਿੱਖ ਗੁਰੂ ਨੂੰ ਆਪਣਾ ਤਨ ਮਨ ਧਨ ਸੌਂਪ ਦਿੰਦਾ ਹੈ, ਇਸ ਤਰ੍ਹਾਂ ਗੁਰੂ ਜੀ ਨੇ ਆਪਣਾ ਸਭ ਕੁਝ ਖਾਲਸੇ ਨੂੰ ਅਰਪਨ ਕੀਤਾ ਹੈ। ਇਸ ਤੋਂ ਵੱਧ ਖਾਲਸੇ ਦੀ ਹੋਰ ਕੀ ਵਡਿਆਈ ਹੋ ਸਕਦੀ ਹੈ।

ਵੱਖਰੀ ਪਛਾਣ ਕਿਸੇ ਵੀ ਧਰਮ ਦੀ ਹੋਂਦ ਲਈ ਬਹੁਤ ਜ਼ਰੂਰੀ ਪੱਖ ਹੁੰਦਾ ਹੈ। ਖਾਲਸੇ ਦੇ ਮਹਾਨ ਉਦੇਸ਼ ਨੂੰ ਮੁੱਖ ਰੱਖ ਕੇ ਇਸ ਨੂੰ ਸਾਰੇ ਜਗਤ ਤੋਂ ਨਿਰਾਲਾ ਰੂਪ ਦਿੱਤਾ ਗਿਆ ਹੈ। ਖਾਲਸੇ ਦਾ ਸਰੂਪ, ਸਿਧਾਂਤ, ਕਾਰਜ, ਨਿਸ਼ਾਨਾ ਵਿਲੱਖਣ, ਵਿਸ਼ੇਸ਼ ਅਤੇ ਨਿਆਰਾ ਹੈ। ਇਸ ਦੇ ਨਿਆਰੇ ਰਹਿਣ ਵਿਚ ਹੀ ਪਰਮਾਤਮਾ ਦੀਆਂ ਸਭ ਬਰਕਤਾਂ ਤੇ ਸ਼ਕਤੀਆਂ ਹਨ। ਨਿਰਾਲੇ ਰੂਪ ਕਾਰਨ ਖਾਲਸੇ ਨੂੰ ਕੁਝ ਮੁਸ਼ਕਿਲਾਂ ਤੇ ਚੁਣੌਤੀਆਂ ਵੀ ਪੇਸ਼ ਆ ਰਹੀਆਂ ਹਨ। ਇਨ੍ਹਾਂ ਦਾ ਟਾਕਰਾ ਦ੍ਰਿੜ੍ਹਤਾ ਨਾਲ ਕਰਨ ਦੀ ਲੋੜ ਹੈ। ਤਾਂ ਜੋ ਖਾਲਸੇ ਦੇ ਨਿਰਾਲੇ ਰੂਪ ਨੂੰ ਕਾਇਮ ਰੱਖਿਆ ਜਾ ਸਕੇ।

**ਖਾਲਸਾ ਅਕਾਲ ਪੁਰਖ ਕੀ ਫੌਜ। ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ।**
**ਜਬ ਲਗ ਖਾਲਸਾ ਰਹੇ ਨਿਆਰਾ। ਤਬ ਲਗ ਤੇਜ ਦੀਉ ਮੈਂ ਸਾਰਾ।**

**(ਸਰਬ ਲੋਹ)**

ਚੜ੍ਹਦੀ ਕਲਾ ਦਾ ਗੁਣ ਖਾਲਸੇ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਹੈ। ਇਤਿਹਾਸ ਗਵਾਹ ਹੈ ਕਿ ਬਹੁਤ ਸੰਕਟ ਦੇ ਸਮੇਂ ਵੀ ਸਿੱਖਾਂ ਨੇ ਕਦੀ ਹੌਂਸਲਾ ਨਹੀਂ ਛੱਡਿਆ।

ਚਮਕੌਰ ਦੀ ਗੜ੍ਹੀ, ਖਿਦਰਾਣੇ ਦੀ ਢਾਬ ਤੇ ਬਹੁਤ ਅਸਾਵੀਂਆਂ ਲੜਾਈਆਂ ਵਿਚ ਘੱਟ ਗਿਣਤੀ ਵਿਚ ਹੁੰਦਿਆਂ ਵੀ ਬੀਰਤਾ ਨਾਲ ਕਈ ਗੁਣਾਂ ਵੱਧ ਦੁਸ਼ਮਣ ਦਾ ਮੁਕਾਬਲਾ ਕੀਤਾ¢ਛੋਟੇ ਘੱਲੂਘਾਰੇ ਅਤੇ ਵੱਡੇ ਘੱਲੂਘਾਰੇ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸਿੱਖਾਂ ਨੂੰ ਸ਼ਹੀਦ ਕੀਤਾ ਗਿਆ¢। ਇਸ ਦੇ ਬਾਵਜੂਦ ਉਨ੍ਹਾਂ ਦੇ ਸੰਘਰਸ਼ ਵਿਚ ਕੋਈ ਢਿੱਲ ਨਹੀਂ ਆਈ। ਉਨ੍ਹਾਂ ਨੇ ਅੱਗੇ ਤੋਂ ਵੀ ਵੱਧ ਸ਼ਕਤੀ ਨਾਲ ਦੁਸ਼ਮਣ ਦਾ ਮੁਕਾਬਲਾ ਕੀਤਾ ਤੇ ਫਤਿਹ ਹਾਸਿਲ ਕੀਤੀ¢ਇਸ ਤਰ੍ਹਾਂ ਅਤੀ ਔਖੇ ਹਾਲਾਤ ਵਿਚ ਵੀ ਚੜ੍ਹਦੀ ਕਲਾ ਵਿਚ ਰਹਿੰਦਿਆਂ ਸਾਹਮਣਾ ਕਰਨ ਦੀ ਦਾਤ ਸਿਰਫ ਤੇ ਸਿਰਫ ਖਾਲਸੇ ਨੂੰ ਹੀ ਪ੍ਰਾਪਤ ਹੈ।

ਖਾਲਸਾ ਆਚਾਰ, ਵਿਹਾਰ, ਸਦਾਚਾਰ, ਸੀਲ-ਸੰਜਮ, ਤਿਆਗ, ਕੁਰਬਾਨੀ, ਭਗਤੀ, ਸ਼ਕਤੀ, ਚੜ੍ਹਦੀ ਕਲਾ ਦੇ ਸਦਗੁਣਾਂ ਨਾਲ ਭਰਪੂਰ ਹੈ। ਖਾਲਸੇ ਦੀ ਉਤਪਤੀ ਅਕਾਲ ਪੁਰਖ ਦੇ ਹੁਕਮ ਅਨੁਸਾਰ ਗੁਰੂ ਸਾਹਿਬਾਨ ਤੇ ਹੋਰ ਭਗਤਾਂ ਦੀ ਬਾਣੀ, ਗੁਰੂ ਸਾਹਿਬਾਂ ਦੇ ਉੱਚੇ ਸੁੱਚੇ ਕਰਨੀ ਵਾਲੇ ਜੀਵਨ, ਉਨ੍ਹਾਂ ਦੀ ਲੰਮੀ ਘਾਲਣਾ ਅਗੰਮੀ ਸੋਚ, ਕ੍ਰਾਂਤੀਕਾਰੀ ਦਾਰਸ਼ਨਿਕ ਸਿਧਾਂਤ ਤ੍ਰੈ ਕਾਲੀ ਦ੍ਰਿਸ਼ਟੀ ਅਤੇ ਬੇਮਿਸਾਲ ਕੁਰਬਾਨੀਆਂ ਵਿੱਚੋਂ ਹੋਈ ਹੈ। ਇਸ ਤਰ੍ਹਾਂ ਖਾਲਸੇ ਦੀ ਉਤਪਤੀ ਵਿਚ ਬਹੁਤ ਵਿਸ਼ਾਲ ਪੱਧਰ ਤੇ ਸੰਸਾਰਿਕ ਅਤੇ ਆਤਮਿਕ ਯਤਨ ਲੱਗੇ ਹੋਏ ਹਨ। ਕਿਸੇ ਵੀ ਵਕਤੀ ਜਥੇਬੰਦੀ ਨੂੰ ਕਾਇਮ ਕਰਨ ਲਈ ਏਨਾਂ ਲੰਮਾ ਚੌੜਾ ਪਿਛੋਕੜ, ਇਤਿਹਾਸ ਅਤੇ ਪਰੰਪਰਾਵਾਂ ਕਾਇਮ ਕਰਨ ਦੀ ਲੋੜ ਨਹੀਂ ਹੁੰਦੀ। ਖਾਲਸਾ ਮਨੁੱਖਤਾ ਦੀ ਸਰਬ ਸਮੇਂ ਲਈ ਅਤੇ ਸਰਬ ਸਥਾਨ ਲਈ ਕੀਮਤੀ ਵਿਰਾਸਤ ਹੈ। ਮਨੁੱਖ ਦੀਆਂ ਬਣਾਈਆਂ ਜਥੇਬੰਦੀਆਂ ਅਤੇ ਸਭਾ ਸੁਸਾਇਟੀਆਂ ਵਕਤੀ ਹੋ ਸਕਦੀਆਂ ਹਨ ਪਰ ਖਾਲਸਾ ਅਕਾਲ ਪੁਰਖ ਦੀ ਸਾਜਨਾ ਹੈ, ਇਹ ਵਕਤੀ ਨਹੀ ਹੋ ਸਕਦਾ ਕਿਉਂਕਿ ਅਕਾਲ ਪੁਰਖ ਆਪ ਕਾਲ ਤੋਂ ਰਹਿਤ ਹੈ ਤੇ ਉਸ ਦੀ ਰਚਨਾ ਵੀ ਸਦੀਵ ਕਾਲ ਲਈ ਹੁੰਦੀ ਹੈ। ਜੋ ਲੋਕ ਇਸ ਨੂੰ ਵਕਤੀ ਜ਼ਰੂਰਤ ਦੀ ਚੀਜ਼ ਦੱਸ ਕੇ ਇਸ ਦੀ ਵੱਖਰੀ ਪਛਾਣ ਨੂੰ ਬੇਲੋੜੀ ਆਖ ਰਹੇ ਹਨ। ਉਨ੍ਹਾਂ ਦੀ ਇਹ ਬਹੁਤ ਵੱਡੀ ਭੁੱਲ ਹੈ¢ ਉਨ੍ਹਾਂ ਦੀ ਇਹ ਸੋਚ ਅਗਿਆਨਤਾ ਜਾਂ ਈਰਖਾ ਦੀ ਉਪਜ ਹੈ।

ਅੱਜ ਲੋੜ ਹੈ ਪੰਥਕ ਸੰਸਥਾਵਾਂ, ਸਿੱਖ ਸੰਪਰਦਾਵਾਂ, ਸਭਾ ਸੁਸਾਇਟੀਆਂ, ਸਿਆਸੀ ਅਤੇ ਧਾਰਮਿਕ ਆਗੂਆਂ ਨੂੰ ਇੱਕ ਜੁੱਟ ਹੋ ਕੇ ਹੰਭਲਾ ਮਾਰਨ ਦੀ ਤਾਂ ਜੋ ਅਸੀਂ ਆਪਣੀ ਨੌਜਵਾਨ ਪੀੜ੍ਹੀ ਨੂੰ ਸੰਭਾਲ ਸਕੀਏ ਅਤੇ ਸਿੱਖੀ ਸਰੂਪ ਅਤੇ ਚੰਗੇ ਕਿਰਦਾਰ ਵਾਲੇ ਬਣਾ ਸਕੀਏ।

# ਵਿਸਾਖੀ ਦਾ ਕ੍ਰਿਸ਼ਮਾ

ਸੱਚਖੰਡ ਵਾਸੀ ਪ੍ਰੋ. ਪਿਆਰਾ ਸਿੰਘ 'ਪਦਮ'



ਅੱਜ ਤੋਂ ਤਿੰਨ ਸਦੀਆਂ ਪਹਿਲੇ ਦੀ ਗੱਲ ਹੈ, ਜੋਬਨ-ਮਤੀਆਂ ਸੁਨਹਿਰੀ ਕਣਕਾਂ ਦੇ ਸਿਰਾਂ 'ਤੇ ਮੋਤੀਆਂ ਦੀਆਂ ਲੜੀਆਂ ਝਿਲਮਿਲਾ ਰਹੀਆਂ ਸਨ, ਲੋਕ-ਯੁੱਗ ਦੇ ਸੁਨਹਿਰੀ ਸਿੱਟੇ ਪੱਕਣ 'ਤੇ ਆਏ ਹੋਏ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਕਣਕਾਂ ਵਾਂਙ ਜੋਬਨ 'ਤੇ ਪਹੁੰਚੀ ਜੀਵਨ (ਸਿੱਖ) ਲਹਿਰ ਨੂੰ ਅਮਰ ਕਰਨ ਖਾਤਰ ਅੰਮ੍ਰਿਤ ਪਿਲਾਇਆ ਤਾਂਕਿ ਮੌਤ ਉਸ ਨੂੰ ਡਰਾ ਨਾ ਸਕੇ। ਫਿਰ ਹੱਥ ਵਿਚ ਤੇਗ ਫੜਾਈ ਜਿਸ ਨਾਲ ਉਹ ਲੋਕ-ਸ਼ਕਤੀਆਂ ਦੇ ਵਿਰੋਧੀ ਅਨਸਰ ਨੂੰ ਮੌਤ ਦੇ ਸਪੁਰਦ ਕਰਦੀ ਜਾਵੇ।

ਦਿਨ ਵਿਸਾਖੀ ਦਾ ਸੀ ਜਦੋਂ ਗੁਰੂ ਸਾਹਿਬ ਨੇ ਇਹ ਪ੍ਰਤਿਗਿਆ ਦੁਹਰਾਈ ਕਿ ਨਿੱਘੀ ਢੱਠੀ ਮਨੁੱਖਤਾ ਨੂੰ ਹੁਣ ਸ਼ਾਹੀ ਸਿੰਘਾਸਨ 'ਤੇ ਬੈਠਾਇਆ ਜਾਵੇਗਾ। ਮੈਂ ਆਪਣੇ ਅਕਾਲ ਪੁਰਖ ਦੀ ਬਰਕਤ ਸਦਕੇ ਦਲਿਤਾਂ, ਨੀਚਾਂ ਤੇ ਮਿੱਟੀ-ਘੱਟੇ ਵਿਚ ਰੁਲ ਰਹੇ ਕੀਟਾਂ ਨੂੰ ਜ਼ਿੰਦਗੀ ਦੇ ਸਰਦਾਰ ਬਣਾਵਾਂਗਾ ਤੇ ਦੁਨੀਆਂ ਯਾਦ ਕਰੇਗੀ ਕਿ ਕੋਈ ਧਰਤੀ 'ਤੇ ਆਇਆ ਸੀ, ਮੇਰਾ ਨਾਂ ਵੀ ਗੁਰੂ ਗੋਬਿੰਦ ਸਿੰਘ ਹੈ:

**-ਸਤ ਸਨਾਤਿ ਔ ਬਾਰਹ ਜਾਤ,**
**ਜਾਨ ਨਹਿ ਰਾਜਨੀਤ ਕੀ ਬਾਤ।**
**ਜੱਟ ਬੂਟ ਕਹਿੰ ਜਿੰਹ ਜਗ ਮਾਂਹੀਂ,**
**ਬਣੀਏ ਬਕਾਲ ਕਿਰਾੜ ਖੱਤ੍ਰੀ ਸਦਾਈਂ।**
**ਲੁਹਾਰ ਤ੍ਰਖਾਣ ਹੁਤ ਜਾਤ ਕਮੀਨੀ**
**ਛੀਪੇ ਕਲਾਲ ਨੀਚਨ ਪੈ ਕ੍ਰਿਪਾ ਕੀਨੀ।**
**ਗੁੱਜਰ ਗ੍ਵਾਰ ਹੀਰ ਕਮਜਾਤ**
**ਕੰਬੋਇ ਸੂਦਨ ਕੋਇ ਨ ਪੁਛੇ ਨ ਬਾਤ।੨੧।**
**ਝੀਵਰ ਨਾਈ ਰੋੜੇ ਘੁਮਿਆਰ,**
**ਸਾਇਣੀ ਸੁਨਿਆਰੇ ਚੂੜ੍ਹੇ ਚਮਿਆਰ।**
**ਭੱਟ ਔ ਬ੍ਰਾਹਮਣ ਹੁਤੇ ਮੰਗਵਾਰ,**
**ਬਹੁਰੂਪੀਏ ਲੁਬਾਣੇ ਔ ਬਟਵਾਲ।।੨੨।।**
**ਇਨ ਗ੍ਰੀਬ ਸਿਘਨ ਕੌ ਦਯੈ ਪਾਤਿਸ਼ਾਹੀ,**
**ਏ ਯਾਦ ਰਖੈਂ ਹਮਰੀ ਗੁਰਿਆਈ।**
**(ਪੰਥ ਪ੍ਰਕਾਸ਼ ਕ੍ਰਿਤ ਰਤਨ ਸਿੰਘ ਭੰਗੂ)**

**-ਨਾਮ ਗ੍ਰੀਬ ਨਿਵਾਜ ਹਮਾਰਾ।**
**ਹੈ ਜਗਮੈਂ ਪਰਸਿਧ ਅਪਾਰਾ।**
**ਸੋ ਸਫਲਾ ਜਗਮੈਂ ਤਬ ਥੈਹੈ।**
**ਲਘੁ ਜਾਤਿਨ ਕੋ ਬਡਪਨ ਦੈ ਹੈਂ।**
**ਜਿਨ ਕੀ ਜਾਤਿ ਔਰ ਕੁਲ ਮਾਂਹੀਂ।**
**ਸਰਦਾਰੀ ਨਹਿ ਭਈ ਕਦਾਹੀਂ।**
**ਕੀਟਨ ਤੈ ਇਨ ਕੇ ਮ੍ਰਿਗਿੰਦੂ।**
**ਕਰੋ ਹਰਨ ਹਿਤ ਤੁਰਕ ਗਜਿੰਦੂ।**
**ਇਨ ਹੀ ਕੋ ਸਰਦਾਰ ਬਨਾਵੋਂ।**
**ਤਬੈ ਗੋਬਿੰਦ ਸਿੰਘ ਨਾਮ ਸਦਾਵੋਂ।।੭।।**
**(ਪੰਥ ਪ੍ਰਕਾਸ਼, ਕ੍ਰਿਤ ਗਿ. ਗਿਆਨ ਸਿੰਘ)**

ਗੱਲਾਂ ਉਹੋ ਹੋਈਆਂ ਜੋ ਜਨਤਾ ਦਾ ਪੈਗੰਬਰ ਚਾਹੁੰਦਾ ਸੀ। ਉਸ ਅਗੰਮੜੇ ਮਰਦ ਨੇ ਸਦੀਆਂ ਤੋਂ ਪਤਝੜ ਦੀ ਮਾਰੀ ਹਿੰਦੁਸਤਾਨੀ ਜਨਤਾ ਦੇ ਜੀਵਨ ਵਿਚ ਇਨਕਲਾਬੀ ਬਹਾਰਾਂ ਲਿਆ ਕੇ ਗੁਲਜ਼ਾਰਾਂ ਖਿੜਾਈਆਂ। ਇਹ ਇਕ ਵੱਡੀ ਕਰਾਮਾਤ ਸੀ, ਇਹ ਸ਼ਾਇਰ ਦੀ ਉਸ ਕਲਪਨਾ ਦਾ ਜਵਾਬ ਸੀ, ਜੋ ਦੇਰ ਤੋਂ ਮੰਗ ਕਰ ਰਹੀ ਸੀ:

**ਬਹਾਰ ਮੇਂ ਮੱਟੀ ਭੀ ਉਗਲ ਦੇਤੀ ਹੈ ਫੂਲ**
**ਮਰਦ ਹੈ, ਤੋ ਖਿਜ਼ਾ ਮੇਂ ਬਹਾਰ ਪੈਦਾ ਕਰ।**

ਦੁਨੀਆਂ ਨੇ ਵੇਖਿਆ ਕਿ ਮਾਮੂਲੀ ਤੋਂ ਮਾਮੂਲੀ ਚਿੜੀਆਂ ਵਰਗੇ ਲੋਕਾਂ ਨੂੰ ਤੇਗਾਂ ਫੜਾ ਕੇ ਸ਼ਹਿਨਸ਼ਾਹੀਅਤ ਨਾਲ ਟਕਰਾਇਆ ਗਿਆ, ਅਮਰ ਤੋਂ ਨਿਰਭੈ ਜਾਗੀ ਜਨਤਾ ਨੇ ਆਪਣੀ ਵਚਿੱਤਰ ਸ਼ਕਤੀ ਨਾਲ ਸਾਮਰਾਜੀ ਹਾਥੀ ਨੂੰ ਪਿਛਾਂਹ ਧਕੇਲਿਆ। ਧਰਮ ਦੇ ਪਰਦੇ ਹੇਠ ਸਮਾਜ ਨੂੰ ਵਿਚੋ ਵਿਚ ਖਾ ਰਹੀ ਬ੍ਰਾਹਮਣੀ ਸ਼ਹਿਨਸ਼ਾਹੀਅਤ ਤੇ ਲੋਕ-ਮਾਰੂ ਮੁਗਲ ਸ਼ਹਿਨਸ਼ਾਹੀਅਤ ਦੋਹਾਂ ਨੂੰ ਵੰਗਾਰ ਕੇ ਥਾਂ ਮਾਰਿਆ ਅਤੇ ਕਲਗੀਆਂ ਵਾਲੇ ਨੇ ਖੁਦ ਘਾਹੀ ਸਿੱਖਾਂ ਦੇ ਸਿਰਾਂ 'ਤੇ ਕਲਗੀਆਂ ਸਜਾਈਆਂ। ਇਹ ਸੁੰਦਰ ਬਾਂਕੀ ਸੂਰਤ ਵੇਖ ਕੇ ਖੁਦ ਗੁਰੂ ਦੀ ਆਤਮਾ ਮੁਸਕਰਾਂਦੀ ਹੋਈ ਇਉਂ ਗੁਣਗੁਣਾ ਰਹੀ ਸੀ :

**ਖਾਲਸਾ ਮੇਰੋ ਰੂਪ ਹੈ ਖਾਸ।**
**ਖਾਲਸੇ ਮਹਿ ਹਉ ਕਰਉ ਨਿਵਾਸ।...**
**ਖਾਲਸਾ ਮੇਰੋ ਪਿੰਡ ਪ੍ਰਾਨ।**
**ਖਾਲਸਾ ਮੇਰੀ ਜਾਨ ਕੀ ਜਾਨ।**

ਗੁਰੂ ਗੋਬਿੰਦ ਸਿੰਘ ਆਪ ਖਾਲਸਾ ਬਣਿਆ ਤੇ ਖਾਲਸੇ ਨੂੰ ਗੁਰੂ ਗੋਬਿੰਦ ਸਿੰਘ ਬਣਾਇਆ। ਇਹ ਗੁਰੂ ਚੇਲੇ ਦਾ ਕੌਤਕ ਸੱਚਮੁੱਚ ਹੀ ਵਾਹ-ਵਾਹ ਦੇ ਯੋਗ ਸੀ, ਦੁਨੀਆਂ ਨੇ ਗੱਜ ਕੇ ਹਾਮੀ ਭਰਦਿਆਂ ਆਖਿਆ :

**ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ।**

ਗੁਰੂ ਗੋਬਿੰਦ ਸਿੰਘ ਇਸ ਲਈ ਵਾਹ ਵਾਹ ਨਹੀਂ ਕਿ ਉਹ ਆਪਣੇ ਚੇਲਿਆਂ ਨੂੰ ਬਹਿਸ਼ਤਾਂ ਦੇ ਪਟੇ ਲਿਖ ਕੇ ਦੇ ਗਿਆ ਹੈ ਤੇ ਨਾ ਹੀ ਕਲਗੀ ਵਾਲੇ ਦੀ ਵਾਹ ਵਾਹ ਇਸ ਲਈ ਕਿ ਉਸ ਆਪਣੀ ਉਮੱਤ ਦੀ ਖੁਦਾ ਪਾਸ ਸਿਫਾਰਸ਼ ਕਰਨ ਦਾ ਜ਼ਿੰਮਾ ਲਿਆ ਹੈ। ਗੁਰੂ ਗੋਬਿੰਦ ਸਿੰਘ ਤਾਂ ਇਸ ਲਈ ਵਾਹ ਵਾਹ ਦੇ ਯੋਗ ਹੋਇਆ ਕਿਉਂਕਿ ਉਸ ਕੀਟਾਂ ਨੂੰ ਸਿੰਘਾਸਨ 'ਤੇ ਬਿਠਾਇਆ ਤੇ ਮੈਲੇ, ਕੁਚੈਲੇ, ਡਿੰਗਿਆਂ ਢੱਠਿਆਂ ਨੂੰ ਸਿੰਘ ਬਣਾਇਆ। ਮਨੁੱਖ ਦੀ ਅੰਦਰਲੀ ਜੋਤਿ ਨੂੰ ਜਗਾ ਕੇ ਅੰਧਕਾਰੀ ਸੰਸਾਰ ਨੂੰ ਜਗਮਗਾ ਦੇਣਾ ਉਸ ਦੀ ਮਹਾਨ ਕਰਾਮਾਤ ਸੀ।

ਲੋਕ-ਯੁੱਗ ਦਾ ਮੋਢੀ ਮਹਾਨ ਗੁਰੂ ਇਹ ਚਾਹੁੰਦਾ ਸੀ ਕਿ ਜ਼ਿੰਦਗੀ ਦੀ ਗੁਰਿਆਈ ਧਰਤੀ ਦੇ ਸਰਦਾਰ ਨੂੰ ਸੌਂਪੀ ਜਾਵੇ। ਇਹ ਨਾ ਹੋਵੇ ਕਿ ਲੋਕ ਸਦਾ ਅਰਸ਼ਾਂ ਤੋਂ ਉਤਰਨ ਵਾਲੇ ਨਬੀਆਂ, ਪੀਰਾਂ ਜਾਂ ਅਵਤਾਰਾਂ ਦੀ ਉਡੀਕ ਵਿਚ ਵਿਅਰਥ ਸਮਾਂ ਗੁਆਉਂਦੇ ਰਹਿਣ। ਸੋ ਉਨ੍ਹਾਂ ਕਲਾ ਵਰਤਾ ਕੇ ਮਨੁੱਖ ਦੇ ਅੰਦਰਲੇ ਰੱਬ ਨੂੰ ਜਗਾਇਆ। 'ਮਨ ਤੂੰ ਜੋਤਿ ਸਰੂਪ ਹੈਂ' ਦਾ ਮੰਤ੍ਰ ਦ੍ਰਿੜ੍ਹਾਉਣ ਦਾ ਮੰਤਵ ਇਹ ਸੀ ਕਿ ਪਰਮੇਸ਼ਰ ਦਾ ਸ਼ਹਿਜਾਦਾ ਨਿਰਧਨਾਂ ਵਾਂਙ ਦਿਨ ਨਾ ਬਿਤਾਵੇ, ਸਗੋਂ ਚੰਗੀ ਤਰ੍ਹਾਂ ਜਾਣੇ ਕਿ ਦੇਗ ਅਤੇ ਤੇਗ ਉਸ ਦੇ ਖੱਬੇ ਹੱਥ ਦੇ ਕਰਤੱਵ ਹਨ।

ਗੁਰੂ ਸਾਹਿਬ, ਇਸ ਤੋਂ ਵੀ ਜ਼ਰਾ ਹੋਰ ਅਗੇਰੇ ਗਏ। ਉਨ੍ਹਾਂ ਦੁਨੀਆਂ ਸਾਹਮਣੇ ਸਪੱਸ਼ਟ ਕੀਤਾ :

'ਮੈਨੂੰ ਤਾਂ ਇਸ ਜਾਗਦੀ ਅਮਰ ਜਨਤਾ ਦੀ ਸੇਵਾ ਪਸੰਦ ਹੈ ਅਤੇ ਹੋਰ ਕਿਸੇ ਦੇਵੀ-ਦੇਵਤਾ ਦੀ ਪੂਜਾ ਉਪਾਸ਼ਨਾ ਨਹੀਂ ਭਾਉਂਦੀ। ਜੇ ਕਿਸੇ ਨੂੰ ਇਹ ਖ਼ਿਆਲ ਹੈ ਕਿ ਮੇਰਾ ਇਥੇ ਦਾਨ ਕੀਤਾ ਅੱਗੇ ਸਹਾਈ ਹੋਵੇ, ਉਹ ਲੋਕ-ਭਲਾਈ ਲਈ ਦਾਨ ਕਰੇ ਹੋਰ ਦਾਨ ਕਿਸੇ ਕੰਮ ਨਹੀਂ ਆਵੇਗਾ।'

'ਮੇਰੇ ਪਾਸ ਵੀ ਜੋ ਕੁਛ ਹੈ, ਦੌਲਤ, ਘਰ-ਬਾਰ, ਮੇਰਾ ਆਪਣਾ ਸਰੀਰ, ਸਭ ਕੁਝ ਇਸ ਲੋਕ ਦੇਵਤਾ ਅੱਗੇ ਸਮਰਪਣ ਹੈ।'

'ਮੈਂ ਇਸ ਲੋਕ ਸ਼ਕਤੀ ਦੇ ਸਦਕੇ ਹੀ ਸਭ ਧਰਮ-ਯੁੱਧ ਜਿੱਤੇ ਤੇ ਸ਼ੈਤਾਨੀ ਤਾਕਤ ਨੂੰ ਹਾਰ ਦਿੱਤੀ ਹੈ। ਸੱਚ ਪੁੱਛੋ ਤਾਂ ਮੈਂ ਨਾਚੀਜ਼ ਨੂੰ "ਕਲਗੀਵਾਲਾ" ਬਣਾਉਣ ਵਾਲੀ ਇਹ ਜਿਉਂਦੀ-ਜਾਗਦੀ ਅਮਰ ਜਨਤਾ ਹੀ ਹੈ :

**ਇਨਹੀ ਕੇ ਪ੍ਰਸਾਦਿ ਸੁਬਿਦਿਆਂ ਲਈ**
**ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ॥**
**ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ**
**ਨਹੀ ਮੋ ਸੇ ਗਰੀਬ ਕਰੋਰ ਪਰੇ॥**

**(ਸਵੱਯੇ ਪਾ : ੧੦, ਦਸਮ ਗ੍ਰੰਥ)**

ਇਹ ਲੋਕ ਯੁੱਗ ਦੇ ਮੋਢੀ ਮਹਾਨ ਗੁਰੂ ਦੇ ਆਪਣੇ ਸ਼ਬਦ ਹਨ ਜਿਨ੍ਹਾਂ ਰਾਹੀਂ ਉਨ੍ਹਾਂ ਜ਼ਿੰਦਗੀ ਦੀ ਗੁਰਿਆਈ ਜਾਗਦੀ ਜਾਨਤਾ ਨੂੰ ਸੌਂਪ ਕੇ ਹਰ ਤਰ੍ਹਾਂ ਦੀ ਸ਼ਖ਼ਸੀ ਗੁਲਾਮੀ ਦਾ ਖਾਤਮਾ ਕਰ ਦਿੱਤਾ। ਗੁਰੂਆਂ ਦੇ ਸੌ ਵਰ੍ਹੇ ਦੀ ਘਾਲ ਦੁਆਰਾ ਜਨਤਾ ਨੂੰ ਇਤਨਾ ਨਿਪੁੰਨ ਤੇ ਬਲਵਾਨ ਬਣਾ ਦਿੱਤਾ ਕਿ ਉਹ ਸੱਚਮੁਚ ਪੈਗੰਬਰੀ ਦੇ ਯੋਗ ਹੋ ਗਈ। ਇਉਂ ਸੰਗਤ ਜਾਂ ਪੰਥ ਨੂੰ ਗੁਰੂ ਥਾਪਿਆ ਗਿਆ। ਗੁਰੂ ਗੋਬਿੰਦ ਸਿੰਘ ਵਰਗਾ ਮਹਾਂ ਪੁਰਸ਼ ਇਸ ਦਾ ਪਹਿਲਾ ਸ਼ਿਸ਼ ਬਣਿਆ, ਜਿਸ ਨੇ ਇਸ ਤੋਂ ਪਾਹੁਲ ਲਈ। ਦੁਨੀਆਂ ਦੇ ਇਤਿਹਾਸ ਵਿਚ ਜਾਗ੍ਰਿਤ ਜਨਤਾ ਨੂੰ ਗੁਰੂ ਮੰਨਣ ਦੀ ਸ਼ਾਇਦ ਇਹ ਪਹਿਲੀ ਘਟਨਾ ਸੀ ਜਦੋਂ ਕਿ ਅਜੇ ਰਾਜਸੀ ਸੰਸਾਰ ਵਿਚ ਵੀ ਡੈਮੋਕ੍ਰੇਸੀ ਯਾ ਲੋਕ ਰਾਜ ਨਾਂ ਦੀ ਕੋਈ ਚੀਜ਼ ਮੂਰਤੀਮਾਨ ਵੀ ਨਹੀਂ ਸੀ ਹੋਈ। ਇਹ ਸਭ ਵਿਸਾਖੀ ਦਾ ਕ੍ਰਿਸ਼ਮਾ ਸੀ :

੧. ਅਨੰਦਪੁਰ ਦੀ ਵਿਸਾਖੀ ਦੀ ਇਹ ਵੀ ਇਕ ਗ਼ੈਰ-ਮਾਮੂਲੀ ਘਟਨਾ ਸੀ ਕਿ ਸੱਚੇ ਪ੍ਰੇਮ ਮਾਰਗ ਵਿਚ ਸਿਰ ਦੇਣਾ ਇਕ ਮਾਮੂਲੀ ਗੱਲ ਹੈ।

੨. ਜਾਤ-ਪਾਤ ਦੇ ਹੱਦ-ਬੰਨੇ ਭੰਨ ਕੇ ਮਨੁੱਖੀ ਸਮਾਨਤਾ ਵਿਚ ਵਿਸ਼ਵਾਸ ਦ੍ਰਿੜ੍ਹਾਉਣਾ ਇਕ ਹੋਰ ਕਰਾਮਾਤ ਸੀ। ਰੱਬ ਦੇ ਸ਼ਹਿਜ਼ਾਦੇ ਮਨੁੱਖ ਨੂੰ 'ਸਿੰਘ'- ਸ਼ੇਰ ਦਾ ਖਿਤਾਬ ਅਤੇ ਅਬਲਾ ਨਿਮਾਣੀ ਨੂੰ 'ਕੌਰ' ਕਹਿ ਕੇ ਸਨਮਾਨਣਾ ਇਸ ਸਮਾਨਤਾ ਦਾ ਅਭੇਦ ਵਰਤਾਰਾ ਸੀ।

੩. ਗੁਰੂ ਗੋਬਿੰਦ ਸਿੰਘ ਦਾ ਖੰਡਾ ਤੇ ਮਾਤਾ ਸਾਹਿਬ ਵੱਲੋਂ ਪਾਏ ਪਤਾਸੇ ਇਸ ਗੱਲ ਦਾ ਸੰਕੇਤ ਸਨ ਕਿ ਜ਼ਿੰਦਗੀ ਜਿਊਣ ਲਈ ਤੇਜ਼ ਤੇ ਮਧੁਰਤਾ ਦੋਹਾਂ ਦੀ ਲੋੜ ਹੈ।

੪. ਪੁਰਾਣੀ ਧਾਰਮਕ ਗ਼ੁਲਾਮੀ ਤੋਂ ਛੁਟਕਾਰਾ ਪਾਉਣ ਲਈ ਇਕ ਹੋਰ ਕਦਮ ਉਠਾਇਆ ਗਿਆ ਕਿ ਜਾਗ੍ਰਿਤ ਜਨਤਾ (ਪੰਥ) ਗੁਰੂ ਹੈ, ਹੋਰ ਕੋਈ ਗੁਰੂ ਨਹੀਂ। ਇਸ ਗੁਰੂ ਤੋਂ ਗੋਬਿੰਦ ਸਿੰਘ ਵਰਗਾ ਮਹਾਂ ਪੁਰਸ਼ ਵੀ ਪਾਹੁਲ ਲੈਣਾ ਫ਼ਖ਼ਰ ਸਮਝਦਾ ਹੈ।

੫. ਇਸ ਮਰਯਾਦਾ ਨੂੰ ਚਲਾਉਣ ਜਾਂ ਅਗੇ ਵਧਾਉਣ ਲਈ ਕਿਸੇ ਗ਼ੈਬੀ ਅਵਤਾਰ ਦੀ ਲੋੜ ਨਹੀਂ ਸਗੋਂ ਅੰਮ੍ਰਿਤ-ਬਾਣੀ ਦੇ ਸਦਕੇ ਜਾਗ੍ਰਿਤ ਪੰਜ ਪੁਰਸ਼ ਕਿਤੇ ਦੀ ਇਹ ਪ੍ਰਵਾਹ ਚਲਾ ਸਕਦੇ ਹਨ।

# ਗੁਰਦੁਆਰੇ-ਗੁਰਧਾਮ ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ

ਰੂਪ ਸਿੰਘ, ਸਕੱਤਰ ਐਸ.ਜੀ.ਪੀ.ਸੀ. ਅੰਮ੍ਰਿਤਸਰ







## ਗੁਰਦੁਆਰਾ ਪਹਿਲੀ ਪਾਤਿਸ਼ਾਹੀ (ਲਾਹੌਰ)

ਇਹ ਇਤਿਹਾਸਕ ਅਸਥਾਨ ਦਿੱਲੀ ਦਰਵਾਜ਼ੇ ਦੇ ਅੰਦਰ, ਪੁਰਾਣੀ ਕੋਤਵਾਲੀ ਦੇ ਚੌਂਕ ਪਾਸ, ਚੌਹੱਟਾ ਮੁਫ਼ਤੀ ਬਾਕਰ ਵਿਚ, ਸਿਰੀਆਂ ਵਾਲੇ ਬਜ਼ਾਰ ਦੇ ਨਜ਼ਦੀਕ ਹੀ ਹੈ। ਲਾਹੌਰ ਸ਼ਹਿਰ ਦੇ ਚੁਫ਼ੇਰੇ ਬਣੇ ਦਰਵਾਜ਼ਿਆਂ ਵਿਚੋਂ, ਕਿਸੇ ਰਾਹੀਂ ਵੀ ਇਥੇ ਪਹੁੰਚਿਆ ਜਾ ਸਕਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ1567 ਬਿਕ੍ਰਮੀ, 1510 ਈ. ਨੂੰ ਸੰਸਾਰ ਦਾ ਉਧਾਰ ਕਰਦੇ ਹੋਏ, ਗੁਰੂ ਘਰ ਦੇ ਪ੍ਰੀਤਵਾਨ ਦੁਨੀ ਚੰਦ ਦੇ ਘਰ ਪਹੁੰਚੇ। ਭਾਈ ਦੁਨੀ ਚੰਦ ਦੇ ਘਰ ਦੇ ਨੇੜੇ ਸਾਰੇ ਲਾਹੌਰ ਸ਼ਹਿਰ ਵਿਚ ਹਲਾਲ ਕੀਤੇ ਬੱਕਰਿਆਂ ਦੀਆਂ ਸਿਰੀਆਂ ਵਿਕਦੀਆਂ ਸਨ। ਇਸ ਕਰਕੇ ਇਸ ਨੂੰ ਸਿਰੀਆਂ ਵਾਲਾ ਬਜ਼ਾਰ ਕਿਹਾ ਜਾਂਦਾ ਸੀ। ਗੁਰੂ ਜੀ ਨੇ ਪਿਤਰ-ਪੂਜਾ ਦੇ ਫੋਕਟ ਕਰਮ ਦਾ ਭਰਮ ਨਵਿਰਤ ਕਰਦੇ ਹੋਏ ਉਪਦੇਸ਼ ਦਿੱਤਾ ਕਿ ਕਿਸੇ ਭੁੱਖੇ ਨੂੰ ਪ੍ਰਸ਼ਾਦਾ ਛਕਾਉਣਾ, ਨੰਗੇ ਨੂੰ ਬਸਤਰ ਦੇਣੇ ਜਾਂ ਕਿਸੇ ਲੋੜਵੰਦ ਦੀ ਸਹਾਇਤਾ ਕਰਨੀ ਤਾਂ ਪਰਉਪਕਾਰੀ ਕਰਮ ਹੈ ਪਰ ਪਿਤਰ-ਪੂਜਾ ਤਾਂ ਵਿਅਰਥ ਹੈ। ਦੁਨੀ ਚੰਦ ਦਾ ਭਰਮ ਨਵਿਰਤ ਹੋਇਆ, ਉਸ ਦੇ ਘਰ ਨੂੰ ਗੁਰੂ-ਚਰਨਾਂ ਦੀ ਛੋਹ ਪ੍ਰਾਪਤ ਹੋਣ ਕਰਕੇ, ਉਸ ਨੂੰ ਗੁਰੂ ਅਸਥਾਨ ਬਣਾ ਦਿੱਤਾ, ਜਿਸਨੂੰ ਧਰਮਸ਼ਾਲਾ ਸਤਿਗੁਰੂ ਨਾਨਕ ਦੇਵ ਜੀ ਜਾਂ ਗੁਰਦੁਆਰਾ ਪਾਤਿਸ਼ਾਹੀ ਪਹਿਲੀ ਕਿਹਾ ਜਾਂਦਾ ਹੈ। ਇਸ ਗੁਰਦੁਆਰੇ ਦੀ ਸੇਵਾ-ਸੰਭਾਲ ਸ਼ੁਰੂ ਤੋਂ ਹੀ ਮਹੰਤਾਂ ਦੇ ਹੱਥਾਂ ਚਿ ਸੀ। 1920 ਈ. ਵਿਚ ਇਸ ਗੁਰੂ ਅਸਥਾਨ ਦਾ ਪ੍ਰਬੰਧ ਸ਼ਹਿਰ ਦੀ ਲੋਕਲ ਕਮੇਟੀ ਨੇ ਆਪਣੇ ਹੱਥ ਵਿਚ ਲਿਆ ਅਤੇ 1927 ਈ. ਵਿਚ ਗੁਰਦੁਆਰਾ ਐਕਟ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਆਇਆ, ਜੋ ਨਿਰੰਤਰ ਦੇਸ਼ ਦੀ ਵੰਡ ਤੀਕ ਰਿਹਾ।

## ਗੁਰਦੁਆਰਾ ਸ੍ਰੀ ਨਾਨਕਗੜ੍ਹ (ਲਾਹੌਰ)

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਹ ਯਾਦਗਾਰੀ ਅਸਥਾਨ, ਛੋਟੇ ਰਾਵੀ ਅਥਵਾ ਬੁੱਢੇ ਦਰਿਆ ਦੇ ਪਾਸ ਬਦਾਮੀ ਬਾਗ ਰੇਲਵੇ ਸਟੇਸ਼ਨ ਦੇ ਨੇੜੇ ਹੀ ਹੈ। ਕਿਹਾ ਜਾਂਦਾ ਹੈ ਕਿ ਇਸ ਅਸਥਾਨ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੁਨੀ ਚੰਦ ਦੇ ਪਿਤਾ ਨੂੰ ਚੌਰਾਸੀ ਤੋਂ ਮੁਕਤ ਕੀਤਾ ਸੀ। ਇਸ ਅਸਥਾਨ 'ਤੇ ਯਾਦਗਾਰੀ ਗੁੰਬਦ ਕਾਇਮ ਹੈ। ਇਸ ਦਾ ਪ੍ਰਬੰਧ ਮਹੰਤਾਂ ਪਾਸ ਹੀ ਰਿਹਾ ਅਤੇ ਜ਼ਮੀਨ-ਜਾਇਦਾਦ ਵੀ ਮਹੰਤਾਂ ਦੇ ਕਬਜ਼ੇ ਵਿਚ ਹੀ ਰਹੀ।

## ਬਾਉਲੀ ਸਾਹਿਬ, ਸ੍ਰੀ ਗੁਰੂ ਅਮਰਦਾਸ ਜੀ (ਲਾਹੌਰ)

ਇਹ ਅਸਥਾਨ ਸ੍ਰੀ ਗੁਰੂ ਰਾਮਦਾਸ ਜੀ ਦੇ ਜਨਮ ਅਸਥਾਨ ਦੇ ਪਾਸ ਚੂਨੀ ਮੰਡੀ ਵਿਚ, ਮੁਲਤਾਨੀ ਮੁਹੱਲੇ ਦੇ ਬਿਲਕੁਲ ਸਾਹਮਣੇ ਹੈ। ਸ੍ਰੀ ਗੁਰੂ ਅਮਰਦਾਸ ਜੀ ਜਦ ਲਾਹੌਰ ਸ਼ਹਿਰ ਵਿਚ ਆਏ ਤਾਂ ਇਸ ਥਾਂ ਪਰ ਨਿਵਾਸ ਕਰ, ਪਵਿੱਤਰ ਕੀਤਾ। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਜਦ ਲਾਹੌਰ ਆਇਆ ਕਰਦੇ ਸਨ ਤਾਂ ਇਸ ਅਸਥਾਨ ਜਾਂ ਬਾਉਲੀ ਸਾਹਿਬ ਡੱਬੀ ਬਜ਼ਾਰ ਵਿਚ ਹੀ ਨਿਵਾਸ ਕਰਿਆ ਕਰਦੇ ਸਨ। ਸੰਗਤਾਂ ਨੇ ਇਸ ਯਾਦਗਾਰੀ ਅਸਥਾਨ 'ਤੇ ਇਕ ਬਾਉਲੀ ਬਣਵਾਈ। ਯਾਦਗਾਰੀ ਥੜ੍ਹਾ ਕਾਇਮ ਹੈ ਪਰ ਬਾਉਲੀ ਵੰਡ ਤੋਂ ਪਿੱਛੋਂ ਪੂਰ ਦਿੱਤੀ ਗਈ।

# ਜਪੁ ਜੀ ਦਾ ਪਉੜੀ-ਵਾਰ ਭਾਵ

ਪ੍ਰੋ. ਸਾਹਿਬ ਸਿੰਘ

**ਪ੍ਰ. ਮਨੁੱਖ ਦੀ ਰੱਬ ਨਾਲੋਂ ਜੋ ਵਿੱਥ ਪੈ ਰਹੀ ਹੈ, ਇਹ ਕਿਵੇਂ ਹਟ ਸਕਦੀ ਹੈ?**

**ਉ.** ਰੱਬ ਦਾ ਹੁਕਮ ਮੰਨਿਆਂ, ਉਸ ਦੇ ਸੁਭਾਅ ਨਾਲ ਆਪਣਾ ਸੁਭਾਉ ਰਲਾਇਆਂ (ਜਿਵੇਂ, ਜੇ ਪੁੱਤਰ ਪਿਉ ਦਾ ਹੁਕਮ ਮੰਨਦਾ ਰਹੇ ਤਾਂ ਪਿਉ ਪੁੱਤਰ ਵਿਚ ਵਿੱਥ ਨਹੀਂ ਪੈਂਦੀ)।

ਦਾਨ ਕੀਤਿਆਂ, ਤੀਰਥਾਂ 'ਤੇ ਇਸ਼ਨਾਨ ਕੀਤਿਆਂ ਜਾਂ ਪ੍ਰਾਣਾਯਾਮ ਦੀ ਰਾਹੀਂ ਉਮਰ ਵਧਾਇਆਂ ਇਹ ਵਿੱਥ ਦੂਰ ਨਹੀਂ ਹੋ ਸਕਦੀ।(ਪਉੜੀ ੧ ਤੋਂ ੭)

**ਪ੍ਰ. ਹੁਕਮ ਮੰਨਣ ਦਾ ਤਰੀਕਾ ਕੀ ਹੈ?**

**ਉ.** ਜਿਉਂ-ਜਿਉਂ ਮਨੁੱਖ ਗੁਰੂ ਦੇ ਦੱਸੇ ਰਾਹ 'ਤੇ ਤੁਰ ਤੁਰ ਕੇ ਪਰਮਾਤਮਾ ਦਾ ਭਜਨ ਕਰਦਾ ਹੈ, ਤਿਉਂ-ਤਿਉਂ ਇਸ ਨੂੰ ਪ੍ਰਭੂ ਦੀ ਰਜ਼ਾ ਮਿੱਠੀ ਲੱਗਣ ਲੱਗ ਪੈਂਦੀ ਹੈ। ਸੋ, ਰਜ਼ਾ ਵਿਚ ਹੁਕਮ ਵਿਚ ਤੁਰਨ ਲਈ ਜੀਵ ਨੇ ਪ੍ਰਭੂ ਦੀ ਸਿਫ਼ਤਿ-ਸਾਲਾਹ ਵਿਚ ਸੁਰਤਿ ਜੋੜਨੀ ਹੈ; ਸੁਰਤਿ ਭੀ ਇਤਨੀ ਜੋੜਨੀ ਹੈ ਕਿ ਮਨ ਪ੍ਰਭੂ ਵਿਚ ਪਤੀਜ ਜਾਏ, ਸਿਫ਼ਤਿ-ਸਾਲਾਹ ਵਿੱਚੋਂ ਨਿਕਲਣ ਨੂੰ ਚਿੱਤ ਨਾ ਕਰੇ।(੮ ਤੋਂ ੧੫)

ਸੁਰਤਿ ਜੋੜਨ ਦਾ ਇਹ ਸਿੱਟਾ ਕਦੇ ਭੀ ਨਹੀਂ ਨਿਕਲ ਸਕੇਗਾ ਕਿ ਜੀਵ ਪਰਮਾਤਮਾ ਦਾ ਜਾਂ ਉਸ ਦੀ ਰਚਨਾ ਦਾ ਅੰਤ ਪਾ ਸਕੇ; ਉਹ ਆਪ ਬੇਅੰਤ ਹੈ, ਉਸ ਦੀ ਰਚਨਾ ਭੀ ਬੇਅੰਤ ਹੈ। ਸਿਫ਼ਤਿ-ਸਾਲਾਹ ਵਿਚ ਸੁਰਤਿ ਜੋੜਨ ਦਾ ਸਿੱਟਾ ਇਕੋ ਹੀ ਹੋਵੇਗਾ ਕਿ ਉਸ ਦੀ ਰਜ਼ਾ ਵਿਚ ਰਹਿਣ ਦਾ ਸੁਭਾਅ ਪੱਕ ਜਾਏਗਾ।(੧੬ ਤੋਂ ੨੭)

ਜਿਵੇਂ ਨਾ ਦਾਨ, ਨਾ ਤੀਰਥ-ਇਸ਼ਨਾਨ, ਨਾ ਪ੍ਰਾਣਾਯਾਮ ਤੇ ਨਾ ਰਚਨਾ ਬਾਰੇ ਉਪਨਿਸ਼ਦਾਂ ਦੀ ਫ਼ਿਲਾਸਫ਼ੀ ਜੀਵ ਦੀ ਰੱਬ ਨਾਲੋਂ ਵਿੱਥ ਦੂਰ ਕਰਨ ਦੇ ਸਮਰੱਥ ਹੈ, ਤਿਵੇਂ ਜੋਗੀਆਂ ਦੇ ਮੁੰਦ੍ਰਾ ਖਿੰਥਾ ਆਦਿਕ ਭੀ ਇਹ ਵਿੱਥ ਦੂਰ ਨਹੀਂ ਕਰ ਸਕਦੇ, ਸਿਮਰਨ ਤੇ ਯਾਦ ਹੀ ਇਕੋ ਵਸੀਲਾ ਹੈ।(ਜਿਸ ਨੂੰ ਯਾਦ ਕਰਦੇ ਰਹੀਏ, ਉਸ ਨਾਲ ਪਿਆਰ ਵਧਦਾ ਜਾਂਦਾ ਹੈ। ਪਿਆਰ ਦੀ ਸਹਾਇਤਾ ਨਾਲ ਸੁਭਾਉ ਭੀ ਮਿਲ ਜਾਂਦਾ ਹੈ।) ਜਦੋਂ ਪ੍ਰਭੂ ਦੀ ਮਿਹਰ ਹੋਵੇ, ਜੀਵ 'ਆਪਾ' ਮਿਟਾ ਕੇ ਸਿਮਰਨ ਕਰਦਾ ਹੈ; ਵਿੱਥ ਮਿਟਾਉਣ ਦਾ, ਬੱਸ! ਇਹੀ ਇਕ ਵਸੀਲਾ ਹੈ।(ਪਉੜੀ ੨੮ ਤੋਂ ੩੩)

ਪ੍ਰਭੂ ਦੀ ਮਿਹਰ ਨਾਲ ਮਨੁੱਖ ਸਾਧਾਰਨ ਹਾਲਤ ਤੋਂ ਉੱਚਾ ਹੋ ਕੇ ਪਹਿਲਾਂ ਇਹ ਸੂਝ ਹਾਸਲ ਕਰਦਾ ਹੈ ਕਿ ਜਗਤ ਵਿਚ ਉਸ ਦੇ ਆਉਣ ਦਾ ਮਨੋਰਥ ਕੀ ਹੈ, ਕਿਸ ਫ਼ਰਜ਼ ਦੇ ਅਦਾ ਕਰਨ ਲਈ ਇਹ ਭੇਜਿਆ ਗਿਆ ਹੈ, ਇਹ ਸੂਝ ਆਇਆਂ ਜੀਵ ਆਪਣੇ ਨਿੱਕੇ ਜਿਹੇ ਟੱਬਰ ਦੇ ਮੋਹ ਦੀ ਤੰਗ-ਦਿਲੀ ਵਿੱਚੋਂ ਨਿਕਲਦਾ ਹੈ, ਸਾਰਾ ਜਗਤ ਉਸ ਨੂੰ ਪਰਮਾਤਮਾ-ਪਿਤਾ ਦਾ ਇਕ ਵੱਡਾ ਟੱਬਰ ਦਿੱਸ ਪੈਂਦਾ ਹੈ; ਫਿਰ ਉਹ ਇਸ ਵੱਡੇ ਪਰਵਾਰ ਦੀ ਸੇਵਾ ਲਈ ਘਾਲ-ਕਮਾਈ ਕਰਦਾ ਹੈ, ਮਾਲਕ ਦੀ ਯਾਦ ਵਿਚ ਭੀ ਜੁੜਦਾ ਹੈ, ਖ਼ਾਲਕ ਦੀ ਯਾਦ ਤੇ ਖ਼ਲਕਤ ਦੀ ਸੇਵਾ ਨਾਲ ਜਿਉਂ-ਜਿਉਂ ਜੀਵ ਦਾ ਮਨ ਸੁਆਰਥ ਦੀਆਂ ਹੱਦਾਂ ਟੱਪ ਕੇ ਬੇਅੰਤ ਵਿਸ਼ਾਲ ਹੁੰਦਾ ਹੈ, ਤਿਉਂ-ਤਿਉਂ ਪ੍ਰਭੂ ਦੀ ਬਖ਼ਸ਼ਸ਼ ਦਾ ਦਰਵਾਜ਼ਾ ਇਸ ਉੱਤੇ ਖੁੱਲ੍ਹਦਾ ਹੈ, ਪ੍ਰਭੂ ਨਾਲ ਇਕ-ਰੂਪ ਹੋ ਜਾਂਦਾ ਹੈ। ਪਰ, ਜਿਵੇਂ ਸੁਨਿਆਰੇ ਦੀ ਕੁਠਾਲੀ ਵਿਚ ਸੋਨਾ ਤਾਉ ਸਹਾਰਦਾ ਹੈ, ਅਹਰਣ 'ਤੇ ਸੱਟਾਂ ਖਾਂਦਾ ਹੈ, ਤਿਵੇਂ ਜੀਵ ਨੇ ਵੀ ਸਿਮਰਨ ਦੀ ਸੱਚੀ ਟਕਸਾਲ ਵਿਚ ਮਨ ਨੂੰ ਘੜਨਾ ਹੈ। ਉਹ ਟਕਸਾਲ ਕੀ ਹੈ? - ਜਤ, ਧੀਰਜ, ਮਤਿ, ਗਿਆਨ, ਭਉ, ਘਾਲ ਤੇ ਪ੍ਰੇਮ (ਭਾਵ, ਸਭ ਤੋਂ ਪਹਿਲਾਂ ਆਚਰਨ ਪਵਿੱਤਰ ਹੋਵੇ, ਦੂਜਿਆਂ ਦੀ ਵਧੀਕੀ ਨੂੰ ਸਹਾਰਨ ਜੋਗਾ ਹੋਵੇ, ਸਮਝ ਉੱਚੀ ਹੋਵੇ ਤੇ ਵਿਸ਼ਾਲ ਹੋਵੇ, ਰੱਬ ਦਾ ਡਰ ਹਿਰਦੇ ਵਿਚ ਟਿਕਿਆ ਰਹੇ, ਸੇਵਾ ਦੀ ਘਾਲ ਘਾਲੇ ਤੇ ਖ਼ਾਲਕ ਅਤੇ ਖ਼ਲਕਤ ਦਾ ਪਿਆਰ ਦਿਲ ਵਿਚ ਹੋਵੇ)।(੩੪ ਤੋਂ ੩੮)

**ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !**

*** ਜੋ ਉਪਕਾਰ ਕਰਨ ਵਾਲੇ ਨੂੰ ਨੀਚ ਸਮਝਦਾ ਹੈ, ਉਸ ਤੋਂ ਵੱਡਾ ਹੋਰ ਕੋਈ ਨੀਚ ਨਹੀਂ।- ਤੁਲਸੀ ਦਾਸ**


# ਏ ਦੁਇ ਨੈਨਾ ਮਤਿ ਛੁਹਉ

'ਬਹੀਐ ਪੜਿਆ ਪਾਸਿ' ਸਿੰਘ ਸਾਹਿਬ ਗਿ. ਜਸਵੰਤ ਸਿੰਘ ਪ੍ਰਵਾਨਾ ਜੀ ਦੀ ਪੁਸਤਕ ਵਿਚੋਂ ਲੇਖ ਉਨ੍ਹਾਂ ਦੀ ਇਜਾਜ਼ਤ ਲੈ ਕੇ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਛਾਪੇ ਜਾ ਰਹੇ ਹਨ। ਅਸੀਂ ਸਿੰਘ ਸਾਹਿਬ ਗਿ. ਜਸਵੰਤ ਸਿੰਘ ਪ੍ਰਵਾਨਾ ਜੀ ਦੇ ਅਤਿ ਧੰਨਵਾਦੀ ਹਾਂ।

**ਇੰਜੀ. ਪਰਮਿੰਦਰਜੀਤ ਸਿੰਘ, ਸੰਪਾਦਕ**

ਮਨੁੱਖਾ ਸਰੀਰ ਸਾਰੀਆਂ ਜੂਨਾਂ ਵਿਚੋਂ ਉੱਤਮ ਸਰੀਰ ਹੈ। ਇਹ ਪ੍ਰਮਾਤਮਾ ਦੀ ਪ੍ਰਾਪਤੀ ਵਾਸਤੇ ਅਮੁੱਲ ਵਸੀਲਾ ਹੈ ਪਰ ਇਹ ਤਾਂ ਹੀ ਸਫਲ ਹੈ ਜੇ ਇਸ ਦੀ ਠੀਕ ਵਰਤੋਂ ਹੋਵੇ। ਜੇ ਮਨੁੱਖਾ ਮਨ ਅਤੇ ਇੰਦ੍ਰੀਆਂ ਦੀ ਠੀਕ ਵਰਤੋਂ ਨਾ ਹੋਵੇ, ਦੁਰਵਰਤੋਂ ਹੋਵੇ ਤਾਂ ਮਨੁੱਖਾ ਮਨ ਤੇ ਇੰਦ੍ਰੀਆਂ ਇਸ ਜੀਵ ਵਾਸਤੇ ਇੰਨੀ ਭਟਕਣਾ ਪੈਦਾ ਕਰ ਦਿੰਦੀਆਂ ਹਨ ਕਿ ਇਹ ਜੀਵ ਜਨਮਾਂ-ਜਨਮਾਂ ਤੱਕ ਭਟਕਦਾ ਫਿਰਦਾ ਹੈ। ਭਟਕਣਾ ਮੁੱਕਣ ਵਿਚ ਹੀ ਨਹੀਂ ਆਉਂਦੀ।

ਇਸ ਜੀਵ ਦੀ ਐਸੀ ਹਾਲਤ ਹੋ ਜਾਂਦੀ ਹੈ ਜਿਵੇਂ ਕੋਈ ਮਾਲਕ ਦਿਨ ਰਾਤ ਨੌਕਰ ਦੀ ਪਾਲਣਾ ਪੋਸਣਾ ਕਰਦਾ ਰਹੇ ਕਿ ਇਹ ਠੀਕ ਹੋ ਕੇ ਮੇਰੇ ਕੰਮ ਆਵੇਗਾ ਪਰ ਨੌਕਰ ਕਦੀ ਠੀਕ ਹੋਣ ਵਿਚ ਹੀ ਨਾ ਆਵੇ ਤੇ ਮਾਲਕ ਦੀ ਸਾਰੀ ਜ਼ਿੰਦਗੀ ਨੌਕਰ ਦੀ ਨਖਰੇ ਪੂਰੇ ਕਰਨ ਵਿਚ ਹੀ ਗੁਜ਼ਰ ਜਾਵੇ। ਮੈਂ ਸੁਣਿਆ ਹੈ ਇਕ ਰੇਲਵੇ ਸਟੇਸ਼ਨ 'ਤੇ ਇਕ ਅਮੀਰ ਉੱਤਰਿਆ। ਛੋਟਾ ਸਟੇਸ਼ਨ, ਗੱਡੀ ਲੇਟ, ਭਾਰ ਚੁੱਕਣ ਵਾਲਾ ਇਕ ਕੁਲੀ ਲੱਭਾ। ਉਸ ਨੂੰ ਕਹਿਣ ਲੱਗਾ ਮੇਰਾ ਭਾਰ ਚੁੱਕ। ਉਹ ਕਹਿਣ ਲੱਗਾ ਜੀ ਭਾਰ ਤਾਂ ਚੁੱਕਾਂ ਪਰ ਮੈਨੂੰ ਠੰਡ ਬੜੀ ਲੱਗਦੀ ਹੈ। ਲੋੜ ਸੀ ਅਮੀਰ ਨੇ ਇਕ-ਇਕ ਕਰਕੇ ਆਪਣੇ ਕੱਪੜੇ ਉਸ ਨੂੰ ਦੇ ਦਿੱਤੇ ਫਿਰ ਉਹ ਕਹਿਣ ਲੱਗਾ ਠੰਡ ਤਾਂ ਮਿਟ ਗਈ ਹੈ ਪਰ ਮੈਂ ਤਾਂ ਭੁੱਕਾ ਹਾਂ ਕੁਝ ਖੁਰਾਕ ਵੀ ਉਸ ਨੂੰ ਦੇ ਦਿੱਤੀ। ਫਿਰ ਉਸ ਨੇ ਕੁਝ ਸਮਾਨ ਆਪ ਚੁੱਕਿਆ ਕੁਝ ਅਮੀਰ ਨੂੰ ਚੁਕਾਇਆ।



ਅਮੀਰ ਕਹਿਣ ਲੱਗਾ ਸਾਰਾ ਸਾਮਾਨ ਤੂੰ ਚੁੱਕ। ਲੋਕ ਇਕੱਠੇ ਹੋ ਗਏ। ਅਮੀਰ ਕਹਿਣ ਲੱਗਾ ਇਹ ਮੇਰਾ ਸਾਮਾਨ ਪੂਰਾ ਨਹੀਂ ਚੁੱਕਦਾ। ਕੁੱਲੀ ਲੋਕਾਂ ਨੂੰ ਹੱਸ ਕੇ ਕਹਿਣ ਲੱਗਾ ਈਮਾਨਦਾਰੀ ਨਾਲ ਦੱਸੋ ਕੁੱਲੀ ਇਹ ਹੈ ਕਿ ਮੈਂ ਹਾਂ। ਹੁਣ ਅਮੀਰ ਨੂੰ ਆਪਣੀ ਮੂਰਖਤਾ ਦੀ ਸਮਝ ਆਈ ਕਿ ਮੈਂ ਕੀ ਕਰ ਬੈਠਾ ਹਾਂ। ਇਹ ਕਹਾਣੀ ਤਾਂ ਇਸ ਸਰੀਰ ਤੇ ਇਸ ਆਤਮਾ ਦੀ ਹੈ। ਇਸ ਸਰੀਰ ਨੇ ਇਸ ਆਤਮਾ ਨੂੰ ਇੰਨਾ ਭਟਕਾਇਆ ਹੈ ਕਿ ਮਾਲਕ ਤੋਂ ਨੌਕਰ ਬਣਾ ਦਿੱਤਾ ਹੈ। ਆਤਮਾ ਦੀ ਐਸੀ ਹਾਲਤ ਹੈ ਜਿਵੇਂ ਕੋਈ ਸਾਰੀ ਉਮਰ ਘੋੜੇ ਦੀ ਸਵਾਰੀ ਕਰ ਹੀ ਨਾ ਸਕੇ—ਸਿਰਫ਼ ਘੋੜੇ ਦੀ ਸੇਵਾ ਹੀ ਕਰਦਾ ਰਹੇ।

ਬਾਬ ਫਰੀਦ ਜੀ ਫ਼ੁਰਮਾਉਂਦੇ ਹਨ ਕਿ ਇਹ ਸਰੀਰ ਤਾਂ ਭੌਂਕਣ ਵਾਲਾ ਕੁੱਤਾ ਹੈ ਤੇ ਜ਼ਰੂਰੀ ਨਹੀਂ ਕਿ ਕੁੱਤੇ ਲੋੜ ਪੈਣ 'ਤੇ ਭੌਂਕਦੇ ਹਨ। ਨਹੀਂ ਮਤਲਬ ਤੋਂ ਬਿਨਾਂ ਵੀ ਭੌਂਕਦੇ ਹਨ। ਇਨ੍ਹਾਂ ਕੁੱਤਿਆਂਨੂੰ ਭੌਂਕਣ ਦਾ ਰਸਹੈ। ਕਿ ਵਾਰ ਇਕ ਬੱਚਾ ਮਾਮਿਆਂ ਦੇ ਗਿਆ। ਘਰ ਵਿਚ ਦੋ ਕੁੱਤੇ ਸਨ। ਇਕ ਕੁੱਤੇ ਨੂੰ ਨਾਲ ਲੈ ਗਿਆ। ਮਾਮਾ ਭਾਣਜੇ ਨੂੰ ਬੜਾ ਪਿਆਰ ਕਰਦਾ ਸੀ। ਉਸੇ ਨ ਕੁੱਤੇ ਵੀ ਪਿਆਰ ਕੀਤਾ। ਭਾਣਜੇ ਦਾ ਕੁੱਤਾ ਭੈਣ ਦੇ ਘਰੋਂ ਆਇਆ ਹੈ। ਪਰ ਭਾਣਜੇ ਨੂੰ ਕਿਹਾ ਮੈਨੂੰ ਕੁੱਤੇ ਦੇ ਭੌਂਕਣ ਤੋਂ ਬੜੀ ਨਫ਼ਰਤ ਹੈ। ਮੈਂ ਇਸੇ ਲਈ ਕੁੱਤਾ ਨਹੀਂ ਰੱਖਿਆ। ਭਾਣਜੇ ਨੇ ਕਿਹਾ ਮਾਮਾ ਜੀ ਫ਼ਿਕਰ ਨਾ ਕਰੋ ਇਹ ਨਹੀਂ ਭੌਂਕੇਗਾ। ਉਸ ਨੇ ਕੁੱਤੇ ਨੂੰ ਖੁਵਾ ਪਿਆ ਕੇ ਰੱਸੀ ਨਾਲ ਉਸ ਦਾ ਮੂੰਹ ਬੰਨ੍ਹ ਦਿੱਤਾ। ਰਾਤ ਰਹਿ ਕੇ ਸਵੇਰੇ ਘਰ ਆ ਗਿਆ। ਘਰ ਵਾਲਾ ਕੁੱਤਾ ਪੁੱਛਣ ਲੱਗਾ ਸੁਣਾ ਪ੍ਰਾਹੁਣਚਾਰੀ ਵਿਚ ਗਿਆ ਸਾਂ ਕੀ ਹਾਲ ਰਿਹਾ ਹੈ? ਉਹ ਕਹਿਣ ਲੱਗਾ ਭਰਾਵਾ ਸੇਵਾ ਵਾਲੀ ਤਾਂ ਹੱਦ ਹੋ ਗਈ ਹੈ ਪਰ ਸਭ ਕੁਝ ਬੇਸਵਾਦਾ, ਕੋਈ ਮਜ਼ਾ ਨਹੀਂ ਰਿਹਾ।

ਘਰ ਵਾਲੇ ਕੁੱਤੇ ਪੁੱਛਿਆ ਆਖਰ ਕੀ ਹੋਇਆ। ਉਸ ਕੁੱਤੇ ਕਿਹਾ ਖਾਣੇ ਵਧੀਆ ਸਨ। ਸੁੱਤਾ ਏਅਰ ਕੰਡੀਸ਼ਨ ਕਮਰੇ ਵਿਚ ਪਰ ਸਭ ਕੁਝ ਬੇਕਾਰ। ਇਸ ਲਈ ਕੀ ਉਸ ਬਦਬਖਤ ਮਾਮੇ ਨੇ ਭੌਂਕਣ ਨਹੀਂ ਦਿੱਤਾ। ਭੌਂਕਣ ਬਿਨਾਂ ਕਾਹਦਾ ਮਜ਼ਾ ਹੈ। ਜਿਵੇਂ ਕੁੱਤੇ ਨੂੰ ਭੌਂਕਣ ਦਾ ਮਜ਼ਾ ਹੈ ਇਸ ਸਰੀਰ ਨੂੰ ਵੀ ਭੌਂਕਣ ਦਾ ਰਸ ਹੈ। ਬਾਬਾ ਫ਼ਰੀਦ ਜੀ ਕਹਿੰਦੇ ਹਨ ਮੈਂ ਤਾਂ ਰੂੰਈ ਦੇ ਕੇ ਕੰਨ ਹੀ ਬੰਦ ਕਰ ਲਏ ਹਨ ਤੇ ਇਸ ਸਰੀਰ ਨੂੰ ਕਹਿੰਦਾ ਹਾਂ ਤੂੰ ਜਿੰਨਾ ਭੌਂਕਣਾ ਹੈ ਭੌਂਕੀ ਜਾ ਮੈਂ ਤੇਰੀ ਕੋਈ ਗੱਲ ਨਹੀਂ ਸੁਣਨੀ।

**ਫ਼ਰੀਦਾ ਇਹ ਤਨੁ ਭਉਕਣਾ, ਨਿਤ ਨਿਤ ਦੁਖੀਐ ਕਉਣੁ ॥**
**ਕੰਨੀ ਬੁਜੇ ਦੇ ਰਹਾਂ, ਕਿਤੀ ਵਗੈ ਪਉਣੁ ॥੯੮॥**

**(ਸਲੋਕ ਫ਼ਰੀਦ)**

ਪਰ ਸਵਾਲ ਪੈਦਾ ਹੁੰਦਾ ਹੈ ਕਿ ਇਹ ਸਰੀਰ ਕਿਉਂ ਭੌਂਕਦਾ ਹੈ। ਬਾਬਾ ਫ਼ਰੀਦ ਜੀ ਕਹਿੰਦੇ ਹਨ ਭੁੱਖਾ ਨਹੀਂ ਭੌਂਕਦਾ। ਲੋੜਾਂ ਤਾਂ ਇਸਦੀਆਂ ਬਹੁਤ ਥੋੜ੍ਹੀਆਂ ਹਨ ਰੱਬ ਨੇ ਬਣਾਇਆ ਬਹੁਤ ਹੈ ਹੈ, ਖਾਂਦਾ ਹੈ ਤੇ ਭੌਂਕਦਾ ਹੈ। ਰੱਬ ਦੇ ਪਦਾਰਥ ਰੂਪੀ ਖਜੂਰਾ ਪੱਕੀਆਂ ਹਨ, ਸ਼ਹਿਦ ਦੀਆਂ ਨਦੀਆਂ ਵਹਿ ਰਹੀਆਂ ਹਨ ਭਾਵ ਕਿ ਇੰਨੇ ਮਿੱਠੇ ਪਦਾਰਥ ਹਨ ਪਰ ਇਨ੍ਹਾਂ

ਪਦਾਰਥਾਂ ਵਿਚ ਖਚਤ ਹੋਇਆ ਮਨੁੱਖ ਰੱਬ ਵਿਸਾਰ ਕੇ ਦਿਨ ਗੁਜ਼ਾਰ ਰਿਹਾ ਹੈ। ਇਸ ਦੀ ਉਮਰ ਦੇ ਦਿਨ ਘੱਟ ਰਹੇ ਹਨ ਮੌਤ ਦੇ ਹੱਥ ਇਸ ਦੀ ਉਮਰ ਨੂੰ ਪੈ ਰਹੇ ਹਨ।

**ਫ਼ਰੀਦਾ ਰੱਬ ਖਜੂਰੀ ਪਕੀਆਂ, ਮਾਖਿਆ ਨਈ ਵਹੰਨਿ॥**
**ਜੋ ਜੋ ਵੰਞੈ ਡੀਹੜਾ, ਸੋ ਉਮਰ ਹਥ ਪਵੰਨਿ॥੮੯॥**

(**ਸਲੋਕ ਫ਼ਰੀਦ**)

ਆਖ਼ਰ ਇਨ੍ਹਾਂ ਪਦਾਰਥਾਂ ਨੂੰ ਭੋਗਦਿਆਂ ਵਿਸ਼ੇ-ਵਿਕਾਰਾਂ ਵਿਚ ਰਿਹਾ ਆਖ਼ਰ ਸਰੀਰ ਦੀ ਸੱਤਾ ਵੀ ਜਾਂਦੀ ਰਹਿੰਦੀ ਹੈ। ਸੁੰਦਰ ਤਨ ਸੁੱਕ ਕੇ ਪਿੰਜਰ ਹੋ ਜਾਂਦਾ ਹੈ, ਪਰ ਉਮਰ ਭਰ ਦੀ ਬਣੀ ਹੋਈ ਆਦਤ ਪਿੱਛਾ ਨਹੀਂ ਛੱਡਦੀ। ਵਿਕਾਰਾਂ ਦੇ ਕਾਂ ਤਲੀਆਂ ਵਿਚ ਹੀ ਕਿਉਂ ਠੂੰਗੇ ਮਾਰਦੇ ਹਨ। ਪੈਰਾਂ ਦੀਆਂ ਤਲੀਆਂ ਵਿਚ ਤਾਂ ਠੂੰਗੇ ਮਾਰਦੇ ਹਨ ਕਿ ਉੱਠ ਤੁਰ। ਹੱਥਾਂ ਦੀਆਂ ਤਲੀਆਂ ਵਿਚ ਤਾਂ ਠੂੰਗੇ ਮਾਰਦੇ ਹਨ ਕਿ ਕੁਝ ਹੱਥਾਂ ਨਾਲ ਕਰ ਪਰ ਇਸ ਬੰਦੇ ਦੀ ਬਦਕਿਸਮਤੀ ਵੇਖੋ ਕਿ ਸਰੀਰ ਦੀ ਇਹ ਹਾਲਤ ਹੋ ਗਈ ਹੈ ਪਰ ਇਸ ਨੂੰ ਰੱਬ ਅਜੇ ਨਹੀਂ ਮਿਲਿਆ ਭਾਵ ਇਹ ਹੈ ਕਿ ਸਰੀਰ ਮਿਲਿਆ ਸੀ ਰੱਬ ਪਾਉਣ ਲਈ, ਰੱਬ ਮਿਲਿਆ ਨਹੀਂ। ਸਰੀਰ ਦਾ ਵਿਨਾਸ਼ ਹੋ ਰਿਹਾ ਹੈ। ਆਖ਼ਰੀ ਹਾਲਤ ਇਹ ਹੈ ਕਿ ਜਿਵੇਂ ਕਿਸੇ ਜਾਨਵਰ ਦਾ ਮਾਸ ਹੋਰ ਜਾਨਵਰ ਖਾ ਜਾਣ ਤੇ ਕਰੰਗ ਹੀ ਰਹਿ ਜਾਏ ਤੇ ਕਾਂ ਉਸ ਨੂੰ ਚੂੰਡ ਰਹੇ ਹੋਣ। ਇਹ ਹਾਲਤ ਇਸ ਜੀਵ ਦੀ ਹੈ।

ਕਿੰਨੀ ਤਰਸਯੋਗ ਹਾਲਤ ਹੈ ਇਸ ਜੀਵ ਦੀ। ਬੁੱਢਾ ਹੋ ਗਿਆ ਹੈ, ਸਰੀਰ ਨਿਢਾਲ ਹੋ ਗਿਆ ਹੈ। ਕਾਮ ਦੇ ਕਾਂ ਨੇ ਆ ਕੇ ਠੂੰਗਾ ਮਾਰ ਦਿੱਤਾ ਹੈ। ਅੱਸੀ ਸਾਲ ਦੀ ਉਮਰ ਵਿਚ ਗੋਰਖਨਾਥ ਦੇ ਗੁਰੂ ਯੋਗੀ ਮੁਛੰਦਰ ਨਾਥ ਨੇ ਸ਼ਾਦੀ ਕਰ ਲਈ। ਖ਼ੈਰ ਮੁਛੰਦਰ ਨਾਥ ਨੂੰ ਕੋਈ ਮੁਆਫ਼ ਵੀ ਕਰ ਦੇਵੇਗਾ ਕਿ ਸਾਰੀ ਉਮਰ ਇਸਤ੍ਰੀ ਤੋਂ ਦੂਰ ਰਿਹਾ—ਉਸ ਕਰਮ ਦਾ ਪ੍ਰਤੀ ਕਰਮ ਹੋ ਸਕਦਾ ਹੈ। ਰੋਜ਼ਾਨਾ ਕੋਈ ਨਾ ਕੋਈ ਐਸੀ ਖ਼ਬਰ ਪੜ੍ਹਨ ਵਾਸਤੇ ਮਿਲ ਜਾਂਦੀ ਹੈ ਕਿ 70 ਸਾਲ ਦੇ ਬੁੱਢੇ ਨੇ ਮਾਸੂਮ ਬੱਚੀ ਨਾਲ ਜ਼ਬਰਦਸਤੀ ਮੂੰਹ ਕਾਲਾ ਕੀਤਾ ਤੇ ਬੇਇਜ਼ਤੀ ਕਰਵਾਈ। ਐਸਾ ਕਿਉਂ ਹੋਇਆ ਹੈ। ਕਾਮ ਦੇ ਕਾਂ ਨੇ ਸੁੱਕੇ ਕਰੰਗ ਨੂੰ ਠੂੰਗਾ ਮਾਰਿਆ ਹੈ। ਕਾਂ ਚੂੰਡ ਰਿਹਾ ਹੈ।

ਭਰਥਰੀ ਯੋਗੀ ਨੇ ਵੈਰਾਗ ਸ਼ਤਕ ਵਿਚ ਇਕ ਅੱਖੀ ਵੇਖਿਆ ਹਾਲ ਲਿਖਿਆ ਹੈ ਕਿ ਇਕ ਕੁੱਤਾ, ਜੋ ਪਿੰਗਲਾ ਹੈ, ਲੱਤਾਂ ਠੀਕ ਨਹੀਂ, ਇਕ ਅੱਖੋਂ ਕਾਣਾ ਹੈ, ਸਰੀਰ 'ਤੇ ਜ਼ਖ਼ਮ ਹਨ, ਖ਼ੂਨ ਪਾਕ ਵਗ ਕੇ ਸਾਰੀ ਚਮੜੀ ਭਿੱਜੀ ਪਈ ਹੈ ਪਰ ਕੁੱਤੀ ਨੂੰ ਵੇਖ ਕੇ ਉਸ ਦੀ ਵਾਸ਼ਨਾ ਜਾਗਦੀ ਹੈ। ਉਸ ਪਾਸੇ ਜਾਣ ਦਾ ਯਤਨ ਕਰਦਾ ਹੈ। ਭਰਥਰੀ ਦਾ ਮਨ ਦ੍ਰਵ ਜਾਂਦਾ ਹੈ। ਸਾਧੂ ਸੀ ਉਸ ਕੋਲ ਵੇਖਣ ਵਾਲੀ ਅੱਖ ਸੀ। ਕਹਿਣ ਲੱਗਾ ਹੇ ਨੀਚ ਕਾਮ ਇਸ ਮਰੇ ਹੋਏ ਨੂੰ ਕਿਉਂ ਮਾਰਦਾ ਹੈ। ਲਿੱਸਾ ਹੈ, ਪੂਛ ਕੱਟੀ ਹੈ, ਕੀੜਿਆਂ ਨਾਲ ਸਰੀਰ ਭਰਿਆ ਹੈ, ਪਿਆਸਾ ਹੈ, ਭੁੱਖਾ ਹੈ, ਬੁੱਢਾ ਹੈ।

**ਹਾ ਹਾ ਮੀਚ ਕੋ, ਨੀਚ ਮਾਰੇ ਅਨੰਗਾ॥**
**ਇੰਦੰ ਸ੍ਵਾਨ ਸਵਾਨੀ ਕੋ ਚਾਹੇ ਅਲੰਗਾ॥**
**ਕ੍ਰਿਸਾ ਪਿੰਗ ਕਾਨਾ ਕਟੀ ਪੂਛ ਬੁੱਚਾ॥**
**ਸ੍ਵਵੇ ਪੂੰ ਬਰਣੀ ਭਿਗੀ ਸਰਬ ਤੁੱਚਾ॥**
**ਕ੍ਰਿਮਾ ਸੰਖ ਕੇ ਸੰਗ ਸੇਵਯਾ ਬਿਰਤਾਂਗਾ॥**
**ਕਟੇ ਕੀਟ ਔ ਮੌਖ ਕਾ ਪੁੰਚ ਕਾਂਗਾ॥**
**ਤ੍ਰਿਖਾ ਭੁਖ ਸੋ ਬਿਆਕੁਲਾ ਜੀਰੁਣਾਂਗਾ॥**
**ਗਰੇ ਬੀਚ ਪੇਟਾਰ ਕੋ ਪਰੇ ਘਾਗਾ॥**

(**ਵੈਰਾਗਸ਼ੱਤਕ**)

ਵਿਚਾਰੇ ਨੂੰ ਬਾਹਰੋਂ ਵੀ ਮੱਖੀਆਂ ਤੰਗ ਕਰਦੀਆਂ ਹਨ, ਕਾਂ ਠੂੰਗੇ ਮਾਰਦੇ ਹਨ। ਗੱਲ ਵਿਚ ਪਛੀ ਦਾ ਪਟਾ ਹੈ ਜਿਸ ਦੀ ਇਹ ਹਾਲਤ ਹੈ, ਕਾਮ ਉਸ ਦਾ ਲਿਹਾਜ਼ ਨਹੀਂ ਕਰਦਾ ਪਰ ਜਿੰਨਾ ਵਿਚ ਸੱਤਾ ਹੈ ਉਨ੍ਹਾਂ ਦਾ ਲਿਹਾਜ਼ ਕਿਵੇਂ ਕਰੇਗਾ।

ਏਸੇ ਤਰ੍ਹਾਂ ਦੀ ਹਾਲਤ ਹੈ ਜਦੋਂ ਕਰੋਧ ਠੂੰਗਾ ਮਾਰਦਾ ਹੈ। ਇਕ ਵਾਰ ਵੇਖਿਆ ਸੀ ਜ਼ਈਫ਼ ਬੁੱਢਾ ਬੱਚੇ 'ਤੇ ਨਰਾਜ਼ ਹੋਇਆ। ਆਪਣੀ ਸੋਟੀ ਫੜ ਕੇ ਮਾਰਨ ਉਠਿਆ ਤੇ ਡਿੱਗ ਪਿਆ, ਚੋਟ ਲੱਗ ਗਈ। ਐਸੇ ਬੰਦਿਆਂ ਨੂੰ ਵੀ ਜਦੋਂ ਕਰੋਧ ਠੂੰਗਾ ਮਾਰਦਾ ਹੈ ਤਾਂ ਲੜਨ ਲਈ ਤਿਆਰ ਹੋ ਪੈਂਦੇ ਹਨ ਹਾਲਾਂਕਿ ਹਾਲਤ ਉੱਠਣ ਵਾਲੀ ਨਹੀਂ।

ਜਦੋਂ ਲੋਭ ਠੂੰਗਾ ਮਾਰਦਾ ਹੈ ਤਾਂ ਬੀਮਾਰ ਬੰਦੇ, ਬੁੱਢੇ ਬੰਦੇ, ਜੋ ਕੰਮ ਨਹੀਂ ਕਰ ਸਕਦੇ, ਕਰਨ ਲਈ ਤਿਆਰ ਹੋ ਜਾਂਦੇ ਹਨ। ਜਿਥੇ ਨਹੀਂ ਜਾ ਸਕਦੇ, ਜਾਣ ਲਈ ਤਿਆਰ ਹੋ ਜਾਂਦੇ ਹਨ ਅਤੇ ਰਾਹ ਵਿਚ ਹੀ ਮਰ ਜਾਂਦੇ ਹਨ। ਪਹੁੰਚ ਵੀ ਨਹੀਂ ਸਕਦੇ। ਇਹ ਲੋਭ ਨੇ ਠੂੰਗਾ ਮਾਰਿਆ ਹੈ। ਜਦੋਂ ਮੋਹ ਠੂੰਗਾ ਮਾਰਦਾ ਹੈ ਤਾਂ ਬੰਦਾ ਹਰ ਤਰ੍ਹਾਂ ਦੀ ਬੇਈਮਾਨੀ ਕਰਕੇ ਧਨ ਲਿਆ ਕੇ ਪ੍ਰਵਾਰ ਨੂੰ ਦੇਂਦਾ ਹੈ। ਪਹਿਲਾਂ ਮੋਹ ਵੱਸ, ਕਰੜੀ ਮਿਹਨਤ ਨਾਲ, ਫਰੇਬ ਕਪਟ, ਆਖਰ ਮੋਹ ਵੱਸ ਬੇਇਜ਼ਤੀ ਕਰਾਉਂਦਾ ਤੇ ਸਹਾਰਦਾ ਹੈ। ਪਰਿਵਾਰ ਦੇ ਸਾਰੇ ਮੈਂਬਰ ਬੇਇਜ਼ਤੀ ਕਰਦੇ ਹਨ। ਅੰਦਰੋਂ ਦੁਖੀ ਵੀ ਹੁੰਦਾ ਹੈ ਪਰ ਮੋਹ ਦਾ ਕਾਂ ਜਦੋਂ ਠੂੰਗਾ ਮਾਰਦਾ ਹੈ ਫਿਰ ਉਨ੍ਹਾਂ ਵਾਸਤੇ ਚੱਲ ਪੈਂਦਾ ਹੈ।

ਜਦੋਂ ਹੰਕਾਰ ਦਾ ਕਾਂ ਅੰਦਰੋਂ ਠੂੰਗਾ ਮਾਰਦਾ ਹੈ ਫਿਰ ਤਾਂ ਇਹ ਪੂਰਾ ਹਰਨਾਖ਼ਸ਼ ਬਣ ਕੇ ਬੈਠ ਜਾਂਦਾ ਹੈ। ਜਿਸ ਦੇ ਪਾਸ ਕੁਝ ਵੀ ਨਹੀਂ ਉਹ ਵੀ ਕਹਿੰਦਾ ਹੈ ਮੈਂ ਕਿਸੇ ਤੋਂ ਘੱਟ ਹਾਂ। ਜੇ ਕਿਸੇ ਧਨਵਾਨ ਦੀ ਗੱਲ ਚਲਦੀ ਹੈ ਤਾਂ ਇਹ ਕਹਿੰਦਾ ਹੈ ਧਨਵਾਨ ਕਿਹੜੇ ਸੁਖੀ ਹਨ, ਰੱਬ ਨੇ ਸਾਨੂੰ ਸੰਤੋਖ ਦਿੱਤਾ ਹੈ। ਜੇ ਧਰਮ ਦੀ ਗੱਲ ਚੱਲਦੀ ਹੈ ਦੂਸਰਾ ਬੜਾ ਸਿਮਰਨ ਭਜਨ ਕਰਦਾ ਹੈ। ਇਸ ਦੇ ਅੰਦਰੋਂ ਹੰਕਾਰ ਬੋਲਦਾ ਹੈ ਮਨ ਸਾਫ਼ ਚਾਹੀਦਾ ਹੈ ਕੀ ਲੈਣਾ ਹੈ ਭਜਨ ਪਾਠ ਕੋਲੋਂ, ਕੀ ਪਿਆ ਹੈ ਭਜਨ ਪਾਠ ਵਿਚ, ਅਸੀਂ ਨਾ ਪਾਪ ਕਰਦੇ ਹਾਂ ਨਾ ਭਜਨ ਪਾਠ ਕਰਦੇ ਹਾਂ। ਇਹ ਕਾਂਵਾਂ ਦੇ ਠੂੰਗੇ ਵੱਜ ਰਹੇ ਹਨ ਅਤੇ ਪਿੰਜਰ ਚੂੰਡਿਆ ਜਾ ਰਿਹਾ ਹੈ।

ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਪੰਜਾਂ ਕਾਂਵਾਂ ਬਾਰੇ ਸਹਿਸਕ੍ਰਿਤੀ ਸਲੋਕਾਂ ਵਿਚ ਫ਼ੁਰਮਾਇਆ ਹੈ:

**ਮੋਹ-ਹੇ ਅਜਿਤ ਸੂਰ ਸੰਗ੍ਰਾਮੇ, ਅਤਿ ਬਲਨਾ ਬਹੁ ਮਰਦਨਹ॥੪੫॥**
**ਕਾਮ-ਹੇ ਕਾਮੰਨਰਕ ਬਿਸ੍ਰਾਮੰ, ਬਹੁ ਜੋਨੀ ਭ੍ਰਮਾਣਵਹ॥੪੬॥**
**ਕ੍ਰੋਧ-ਹੇ ਕਲਿ ਮੂਲ ਕ੍ਰੋਧੰ, ਕਦੰਚ ਕਰੁਣਾ ਨ ਉਪਰਜਤੇ॥੪੭॥**
**ਲੋਭ-ਹੇ ਲੋਭਾ ਲੰਪਟ ਸੰਗ ਸਿਰਮੋਰਹ, ਅਨਿਕ ਲਹਰੀ ਕਲੋਲਤੇ॥੪੮॥**
**ਅਹੰਕਾਰ-ਹੇ ਜਨਮ ਮਰਣ ਮੂਲੰ, ਅਹੰਕਾਰੰ ਪਾਪਾਤਮਾ॥੪੯॥**

(**ਸਲੋਕ ਸਹਿਸਕ੍ਰਿਤੀ ਪੰਨਾ ੧੩੫੮**)

ਲੇਖ ਦਾ ਆਕਾਰ ਵਧਣ ਦੇ ਡਰ ਤੋਂ ਪੂਰੇ ਸਲੋਕ ਨਹੀਂ ਦਿੱਤੇ।

ਬਾਬਾ ਫ਼ਰੀਦ ਜੀ ਕਹਿੰਦੇ ਹਨ ਇਨ੍ਹਾਂ ਵਿਕਾਰ ਰੂਪੀ ਕਾਵਾਂ ਨੇ ਸਰੀਰ ਵਿਚ ਕੁਝ ਨਹੀਂ ਛੱਡਿਆ। ਪਿੰਜਰ ਵੀ ਖੋਜ ਲਿਆ ਹੈ ਕਿ ਕਿਤੇ ਮਾਸ ਦੀ ਬੋਟੀ ਰਹਿ ਤਾਂ ਨਹੀਂ ਗਈ। ਸਾਰਾ ਮਾਸ ਇਨ੍ਹਾਂ ਖਾ ਲਿਆ ਹੈ। ਮੈਂ ਇਨ੍ਹਾਂ ਵਿਕਾਰਾਂ ਨੂੰ ਕਹਿੰਦਾ ਹਾਂ ਦੋ ਅੱਖਾਂ ਹੀ ਬਚੀਆਂ ਰਹਿਣ ਦਿਉ ਮੈਨੂੰ ਆਪਣੇ ਪਿਆਰੇ ਨੂੰ ਵੇਖਣ ਦੀ ਆਸ ਹੈ। ਵਿਕਾਰੀ ਬੰਦੇ ਦੀ ਸਰੀਰ ਦੀ ਸੱਤਾ ਜਾਂਦੀ ਹੈ ਤਾਂ ਅੱਖਾਂ ਦੀ ਵੇਖਣ-ਸੱਤਾ ਵੀ ਜਾਂਦੀ ਹੈ। ਪਰ ਕਿ ਗੱਲ ਸਾਰੇ ਹੀ ਰੱਬੀ ਪਿਆਰਿਆਂ ਨੇ ਕਹੀ ਹੈ ਕਿ ਜਿਨ੍ਹਾਂ ਅੱਖਾਂ ਨਾਲ ਰੱਬ ਵੇਖਣਾ ਹੈ ਇਹ ਉਹ ਅੱਖਾਂ ਨਹੀਂ ਉਹ ਅੱਖਾਂ ਹੋਰ ਹਨ। ਉਹ ਦੋ ਨੇਤ੍ਰ ਹਨ ਇਕ ਗਿਆਨ ਦਾ ਅਤੇ ਇਕ ਪ੍ਰੇਮ ਦਾ। ਗਿਆਨ ਦੇ ਵਿਚ ਸਾਰੀ ਵਿੱਦਿਆ, ਵਿਚਾਰ ਤੇ ਵਿਵੇਕ ਆ ਜਾਂਦਾ ਹੈ ਅਤੇ ਪ੍ਰੇਮ ਦੇ ਵਿਚ ਬਿਰਹੋ ਵੈਰਾਗ ਆ ਜਾਂਦੇ ਹਨ। ਵਿਕਾਰੀ ਬੰਦੇ ਦੀ ਗਿਆਨ ਦੀ ਅੱਖ ਵੀ ਖ਼ਰਾਬ ਹੋ ਜਾਂਦੀ ਹੈ ਅਤੇ ਪ੍ਰੇਮ ਦੀ ਅੱਖ ਵੀ ਖ਼ਰਾਬ ਹੋ ਜਾਂਦੀ ਹੈ। ਜਿਸ ਹਿਰਦੇ ਵਿਚ ਪੰਜ ਕਾਮ ਆਦਿਕ ਆ ਜਾਣ ਉਥੇ ਪ੍ਰੇਮ ਕਿੱਥੇ ਰਹਿ ਸਕਦਾ ਹੈ, ਉੱਥੇ ਗਿਆਨ ਕਿਵੇਂ ਰਹਿ ਸਕਦਾ ਹੈ।

**ਕਾਗਾ ਕਰੰਗ ਢਢੋਲਿਆ, ਸਗਲਾ ਖਾਇਆ ਮਾਸੁ**
**ਏ ਦੁਇ ਨੈਨਾ ਮਤਿ, ਛੁਹਉ ਪਿਰ ਦੇਖਨ ਕੀ ਆਸ ॥੯੧ ॥**

(**ਸਲੋਕ ਫ਼ਰੀਦ**)

ਅਗਲਾ ਸਲੋਕ ਬਹੁਤ ਹੀ ਵਿਚਾਰਨ ਵਾਲਾ ਹੈ। ਬਾਬਾ ਫ਼ਰੀਦ ਜੀ ਬੜੀ ਦੂਰਦ੍ਰਿਸ਼ਟੀ ਦੀ ਗੱਲ ਕਰਦੇ ਹਨ। ਜਦੋਂ ਬਚਦਾ ਹੈ ਤਾਂ ਸਭ ਕੁਝ ਹੀ ਬਚ ਜਾਂਦਾ ਹੈ, ਨਹੀਂ ਬਚਦਾ ਤਾਂ ਕੁਝ ਵੀ ਨਹੀਂ ਬਚਦਾ। ਕਦੀ ਐਸਾ ਵੇਖਿਆ ਹੋਵੇਗਾ ਕਿ ਇਕ ਬੰਦੇ ਦੇ ਸਰੀਰ 'ਤੇ ਕੋਈ ਮਾਸ ਨਾ ਰਹੇ ਤੇ ਅੱਖਾਂ ਬਚੀਆ ਰਹਿਣ। ਉਨ੍ਹਾਂ ਇਸੇ ਲਈ ਕਿਹਾ ਹੈ ਹੇ ਕਾਂਗ ਤੈਨੂੰ ਜੇ ਮੇਰੀ ਗੱਲ ਠੀਕ ਲੱਗਦੀ ਹੈ ਕਿ ਪਿਆਰੇ ਦੇ ਦਰਸ਼ਨਾਂ ਲਈ ਨੇਤ੍ਰ ਜ਼ਰੂਰੀ ਹਨ ਤਾਂ ਫਿਰ ਮੈਨੂੰ ਮੁਆਫ਼ ਕਰ ਮੇਰੇ ਸਰੀਰ ਦਾ ਮਾਸ ਵੀ ਨਾ ਖਾਹ ਭਾਵ ਇਹ ਹੈ ਕਿ ਕੁਆਰੀ ਕਾਇਆ ਹੀ ਰਹੇ, ਵਿਕਾਰ ਨੇੜੇ ਨਾ ਆਉਣ। ਹੇ ਕਾਂ ਜੇ ਤੇਰੇ ਵੱਸ ਵਿਚ ਹੈ ਤਾਂ ਇਥੋਂ ਉੱਡ ਜਾ ਮੇਰਾ ਪਿੰਜਰ ਨਾ ਚੂੰਡ। ਵੇਖ ਜਿਸ ਪਿੰਜਰੇ ਵਿਚ ਮੇਰਾ ਪਿਆਰਾ ਵੱਸਦਾ ਹੈ ਤੂੰ ਇਥੋਂ ਮਾਸ ਨਾ ਖਾਹ, ਭਾਵ ਇਹ ਹੈ ਕਿ ਵਿਕਾਰੋ ਤੁਸੀਂ ਮੇਰੀ ਸੱਤਾ ਨਾ ਗਵਾਉ। ਮੈਨੂੰ ਸੇਵਾ ਸਿਮਰਨ ਵਿਚ ਆਪਣਾ ਸਾਰਾ ਸਰੀਰਕ ਬਲ, ਮਾਨਸਿਕ ਬਲ ਤੇ ਆਤਮਿਕ ਬਲ ਲਗਾਉਣ ਦਿਉ।

**ਕਾਗਾ ਚੂੰਡਿ ਨ ਪਿਜਰਾ, ਬਸੈ ਤਾ ਉਡਹਿ ਜਾਹਿ ॥**
**ਜਿਤੁ ਪਿੰਜਰੈ ਮੇਰਾ ਸਹੁ ਵਸੈ, ਮਾਸੁ ਨ ਤਿਦੂ ਖਾਹਿ ॥੯੨ ॥**

(**ਸਲੋਕ ਫ਼ਰੀਦ**)

ਮਨੁੱਖੀ ਮਨ ਦੀ ਵੱਡੀ ਕਮਜ਼ੋਰੀ ਹੈ ਕਿ ਵਿਕਾਰਾਂ ਦੀ ਝਾਕ ਬਹੁਤ ਬੁਰੀ ਝਾਕ ਹੈ। ਐਸਾ ਬੰਦਾ ਕੁੱਤੇ ਵਾਂਗੂ ਦਰ-ਦਰ 'ਤੇ ਫਿਰਦਾ ਹੈ ਤੇ ਫਿਟਕਾਰਾਂ ਹੀ ਫਿਟਕਾਰਾਂ ਪੱਲੇ ਪੈਂਦੀਆਂ ਹਨ ਤੇ ਇਨ੍ਹਾਂ ਭੈੜੀਆਂ ਆਸਾਂ ਵਿਚ ਰੱਬੀ ਦਾਤ ਪਿਰ ਦੇਖਣ ਦੀ ਆਸ ਵੀ ਗਵਾ ਬੈਠਦਾ ਹੈ। ਭਾਗਾਂ ਵਾਲੇ ਹਨ ਜਿਨ੍ਹਾਂ ਦੇ ਅੰਦਰ ਦਰਸ਼ਨਾਂ ਦੀ ਪਿਆਸ ਹੈ। ਪਿਆਸ ਨਾਲ ਰੱਬੀ ਆਸ ਬੱਝਦੀ ਹੈ ਤੇ ਇਕ ਦਿਨ ਰੱਬ ਦਰਸ਼ਨ ਦੇ ਕੇ ਆਸ ਪੂਰੀ ਕਰਦਾ ਹੈ। ਪਰ ਪਿਰ ਦੇਖਣ ਕੀ ਆਸ ਤਾਂ ਹੀ ਪੂਰੀ ਹੁੰਦੀ ਹੈ ਜੇ "ਬਹੀਐ ਪੜਿਆ ਪਾਸਿ"॥



**ਫਾਊਂਡੇਸ਼ਨ ਦੇ ਜਿਹੜੇ ਮੈਂਬਰਾਂ ਪਾਸ ਮੈਂਬਰਸ਼ਿਪ ਕਾਰਡ ਨਹੀਂ ਹਨ ਉਹ ਕ੍ਰਿਪਾ ਕਰਕੇ ਫਾਊਂਡੇਸ਼ਨ ਨੂੰ ਬਾਕਾਇਦਾ ਫਾਰਮ ਭਰ ਕੇ ਸਮੇਤ ਦੋ ਫੋਟੋਆਂ ਤੁਰੰਤ ਅਪਲਾਈ ਕਰਨ ਤਾਂ ਜੋ ਮੈਂਬਰਸ਼ਿਪ ਕਾਰਡ ਜਾਰੀ ਕੀਤਾ ਜਾਵੇ।**

**- ਸੰਪਾਦਕ**

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, (ਰਜਿ:) ਸੈਕਟਰ-30 ਏ, ਚੰਡੀਗੜ੍ਹ ਦੀ

# ਅਪ੍ਰੈਲ ਮਹੀਨੇ ਦੀ ਕਾਰਗੁਜ਼ਾਰੀ ਦੀ ਰਿਪੋਰਟ

1. **ਵਰਕਿੰਗ ਕਮੇਟੀ ਮੀਟਿੰਗ ਬਾਰੇ** :- ਮਿਤੀ 30-03-2019 ਨੂੰ ਵਰਕਿੰਗ ਕਮੇਟੀ ਦੀ ਮੀਟਿੰਗ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਸੈਕਟਰ-30ਏ, ਚੰਡੀਗੜ੍ਹ ਵਿਖੇ ਪ੍ਰਧਾਨ ਜਗੀਰ ਸਿੰਘ ਲਾਲੀਆ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿਚ ਚੱਲ ਰਹੇ ਸਭ ਮਸਲਿਆਂ ਤੇ ਵਿਚਾਰ ਵਟਾਂਦਰਾ ਕੀਤਾ ਗਿਆ, ਜਿਸ ਤਰ੍ਹਾਂ ਸਮਾਜ ਸੁਧਾਰ, ਸੋਲਰ ਸਿਸਟਮ, ਜਨਰਲ ਬਾਡੀ ਮੀਟਿੰਗ ਅਤੇ ਨਵੀਂ ਮੈਂਬਰਸ਼ਿਪ ਬਾਰੇ ਸਭ ਮੈਂਬਰਾਂ ਨੇ ਆਪਣੇ-ਆਪਣੇ ਸੁਝਾਓ ਦਿੱਤੇ ਅਤੇ ਵਿਚਾਰ ਕੀਤਾ ਗਿਆ। ਨਵੀਂ ਮੈਂਬਰਸ਼ਿਪ ਬਾਰੇ ਇਹ ਡਿਸਕਸ ਹੋਇਆ ਕਿ ਮੈਂਬਰਸ਼ਿਪ ਦੋ ਭਾਗਾਂ ਵਿਚ ਵੰਡ ਦਿੱਤੀ ਜਾਵੇ। ਇੱਕ ਜੋ ਲੁਬਾਨਾ ਕੌਮ ਨਾਲ ਸਬੰਧ ਰੱਖਦੇ ਹਨ ਅਤੇ ਦੂਸਰਾ ਐਸੋਸੀਏਟ ਮੈਂਬਰ ਜੋ ਲੁਬਾਣਾ ਕੌਮ ਤੋਂ ਇਲਾਵਾ ਹਨ। ਪ੍ਰਧਾਨ ਜੀ ਨੇ ਦੱਸਿਆ ਕਿ ਸਵਿਧਾਨ ਦੀ ਸੋਧ ਕਰਨ ਤੋਂ ਬਾਅਦ ਹੀ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ। ਇਸ ਬਾਰੇ ਕਾਰਜਕਾਰਨੀ ਕਮੇਟੀ ਵਿਚ ਵੀ ਡਿਸਕਸ ਕੀਤਾ ਜਾਵੇਗਾ ਅਤੇ ਸਵਿੰਧਾਨ ਦੀ ਸੋਧ ਤੋਂ ਬਾਅਦ ਹੀ ਇਸ ਤਰ੍ਹਾਂ ਕਰ ਸਕਦੇ ਹਾਂ।



2. **ਨਾਢੂਸ਼ਾਹ ਲੁਬਾਣਾ ਦੇ ਨਾਮ ਨਾਲੋਂ ਲੁਬਾਣਾ ਲ਼ਫਜ਼ ਹਟਾਉਣ ਬਾਰੇ**:- ਇਸ ਬਾਰੇ ਮੈਨੇਜਰ ਨਾਢਾ ਸਾਹਿਬ ਗੁਰਦੁਆਰਾ ਨਾਲ ਫਿਰ ਸੰਪਰਕ ਕੀਤਾ ਗਿਆ ਸੀ ਉਹਨਾਂ ਦਾ ਕਹਿਣਾ ਸੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼੍ਰੀ ਅੰਮ੍ਰਿਤਸਰ ਸਾਹਿਬ ਤੋਂ ਜੋ ਆਦੇਸ਼ ਆਉਣਗੇ ਉਸ ਮੁਤਾਬਿਕ ਐਕਸ਼ਨ ਲਿਆ ਜਾਵੇਗਾ। ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼੍ਰੀ ਅਮ੍ਰਿਤਸਰ ਸਾਹਿਬ ਨੂੰ ਇੱਕ ਹੋਰ ਯਾਦ ਪੱਤਰ ਲਿਖਿਆ ਜਾ ਰਿਹਾ ਹੈ ਅਤੇ ਮੈਨੇਜਰ ਨਾਢਾ ਸਾਹਿਬ ਨਾਲ ਵੀ ਮੀਟਿੰਗ ਲਈ ਬੇਨਤੀ ਕੀਤੀ ਜਾ ਰਹੀ ਹੈ। ਇਸ ਬਾਰੇ ਜੋ ਵੀ ਫੈਸਲਾ ਹੋਇਆ ਦਸ ਦਿੱਤਾ ਜਾਵੇਗਾ।

3. **ਓ.ਬੀ.ਸੀ ਦੀ ਰੀਜ਼ਰਵੇਸ਼ਨ ਬਾਰੇ**:- ਇਸ ਬਾਰੇ ਮਾਨਯੋਗ ਹਾਈਕੋਰਟ ਵਿਚ ਰਵੀਜ਼ਨ ਪਟੀਸ਼ਨ ਪਾ ਦਿੱਤੀ ਗਈ ਹੈ। ਇਸ ਦੀ ਅਜੇ ਸੁਣਵਾਈ ਨਹੀਂ ਹੋਈ। ਸੁਣਵਾਈ ਹੋਣ ਤੇ ਜੋ ਫੈਸਲਾ ਹੋਇਆ ਦਸ ਦਿੱਤਾ ਜਾਵੇਗਾ। ਇਸ ਵਿਸ਼ੇ ਤੇ ਮਾਨਯੋਗ ਸੁਪਰੀਮ ਕੋਰਟ ਵਿਚ ਵੀ ਪਟੀਸ਼ਨ ਪਾਈ ਹੋਈ ਹੈ ਅਤੇ ਸਰਕਾਰ ਨੂੰ ਨੋਟਿਸ ਆਫ ਮੋਸ਼ਨ ਵੀ ਹੋ ਚੁੱਕਾ ਹੈ। ਅਗਲੀ ਸੁਣਵਾਈ ਤੋਂ ਬਾਅਦ ਜੋ ਪੋਜੀਸ਼ਨ ਹੋਈ ਦਸ ਦਿੱਤੀ ਜਾਵੇਗੀ।

4. **ਸੋਲਰ ਸਿਸਟਮ ਲਗਾਉਣ ਬਾਰੇ**:- ਇਸ ਬਾਰੇ ਮਹੀਰਾ ਜੈਕਸਨ ਕੰਪਨੀ ਨਾਲ ਕੰਟਰੈਕਟ ਹੋ ਚੁੱਕਾ ਹੈ ਅਤੇ 12,30,000/- ਰੁ: ਦੀ ਅਦਾਇਗੀ ਕਰ ਦਿੱਤੀ ਗਈ ਹੈ। ਮਹੀਰਾ ਜੈਕਸਨ ਕੰਪਨੀ ਨੇ ਆਪਣਾ ਕੰਮ ਸ਼ੁਰੂ ਕਰ ਦਿੱਤਾ ਹੈ। ਬਿਜਲੀ ਮਹਿਕਮੇ ਦੀ ਵੀ ਕਾਰਵਾਈ ਹੋ ਚੁੱਕੀ ਹੈ। ਮੀਟਰ ਆਦਿ ਸੈਕਸ਼ਨ ਹੋ ਚੁੱਕਾ ਹੈ। ਸੋਲਰ ਸਿਸਟਮ ਦੀ ਫਿਟਿੰਗ ਦੀਆਂ ਪਲੇਟਾਂ ਆਦਿ ਗੁਜਰਾਤ ਤੋਂ ਆ ਰਹੀਆਂ ਹਨ। ਉਮੀਦ ਹੈ ਕਿ ਇਕ ਦੋ ਹਫਤਿਆਂ ਵਿਚ ਪਲੇਟਾਂ ਆ ਜਾਣਗੀਆਂ ਅਤੇ ਫਿਟਿੰਗ ਦਾ ਕੰਮ ਸ਼ੁਰੂ ਹੋ ਜਾਵੇਗਾ। ਬਾਕੀ ਪੇਅਮੈਂਟ ਕੰਮ ਖ਼ਤਮ ਹੋਣ ਤੇ ਕੀਤੀ ਜਾਵੇਗੀ ਅਤੇ ਕੰਪਲੀਟ ਹੋਣ ਤੋਂ ਬਾਅਦ ਸਬਸਿਟੀ ਵਾਸਤੇ ਵੀ ਅਪਲਾਈ ਕਰ ਦਿੱਤਾ ਜਾਵੇਗਾ।

**5. ਨਗਰ ਕੀਰਤਨ ਬਾਰੇ**:- ਮਿਤੀ 12-04-2019 ਨੂੰ 29 ਸੈਕਟਰ ਗੁਰਦੁਆਰਾ ਸਾਹਿਬ ਤੋਂ ਵਿਸ਼ਾਲ ਨਗਰ ਕੀਰਤਨ ਖਾਲਸਾ ਪੰਥ ਦੀ ਸਥਾਪਨਾ ਦਿਵਸ 'ਵਿਸਾਖੀ' ਦੇ ਸਬੰਧ ਵਿਚ ਕੱਢਿਆ ਗਿਆ ਸੀ ਜੋ 29 ਸੈਕਟਰ ਤੋਂ ਚੱਲ ਕੇ ਬਾਬਾ ਮੱਖਣ ਸ਼ਾਬ ਲੁਬਾਣਾ ਭਵਨ ਤੋਂ ਹੁੰਦਾ ਹੋਇਆ ਸ਼ਹਿਰ ਦੇ ਬਾਕੀ ਹਿੱਸਿਆਂ ਵਿਚੋਂ ਲੰਘਿਆ ਸੀ। ਇਸ ਨਗਰ ਕੀਰਤਨ ਦੇ ਸੁਆਗਤ ਵਾਸਤੇ ਸ. ਜਗੀਰ ਸਿੰਘ ਲਾਲੀਆ ਪ੍ਰਧਾਨ, ਸ. ਬਲਵਿੰਦਰ ਸਿੰਘ ਮੁਲਤਾਨੀ ਮੀਤ ਪ੍ਰਧਾਨ, ਸ. ਰਾਜਪਾਲ ਸਿੰਘ ਰੀਜ਼ਨਲ ਪ੍ਰਧਾਨ, ਸ. ਰਵਿੰਦਰ ਸਿੰਘ ਜਨਰਲ ਸਕੱਤਰ, ਸ. ਜਸਪਾਲ ਸਿੰਘ ਕਾਰਜਕਾਰਨੀ ਮੈਂਬਰ, ਸ. ਚਰਨਜੀਤ ਸਿੰਘ ਸਕੱਤਰ ਮੈਂਨਟੇਨੈਂਸ, ਸਰਦਾਰਨੀ ਜਸਵੰਤ ਕੌਰ ਕਾਰਜਕਾਰਨੀ ਮੈਂਬਰ, ਸਰਦਾਰਨੀ ਨਰਿੰਦਰ ਕੌਰ ਕਾਰਜਕਾਰਨੀ ਮੈਂਬਰ ਅਤੇ ਸਰਦਾਰਨੀ ਮਨਜੀਤ ਕੌਰ ਕਾਰਜਕਾਰਨੀ ਮੈਂਬਰ ਅਤੇ ਮੈਂਨੇਜਮੈਂਟ ਦਾ ਸਾਰਾ ਸਟਾਫ ਹਾਜ਼ਰ ਸੀ। ਭਵਨ ਵੱਲੋਂ ਪੰਜ ਪਿਆਰਿਆਂ ਨੂੰ ਸਰੋਪੇ ਪਾ ਕੇ ਸੁਆਗਤ ਕੀਤਾ ਗਿਆ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਤੇ ਰੁਮਾਲਾ ਸਾਹਿਬ ਅਤੇ ਮਾਇਆ ਦੀ ਭੇਟਾ ਕੀਤੀ ਗਈ। ਨਗਰ ਕੀਰਤਨ ਵਿਚ ਸ਼ਾਮਿਲ ਸੰਗਤ ਵਾਸਤੇ ਬਦਾਨਾ, ਨਮਕੀਨ ਸੀਰਨੀ ਅਤੇ ਛਬੀਲ ਦਾ ਪ੍ਰਬੰਧ ਕੀਤਾ ਗਿਆ ਸੀ।





**6. ਫਾਉਂਡੇਸ਼ਨ ਡੇ ਬਾਰੇ**:- ਫਾਉਂਡੇਸਨ ਡੇ ਮਿਤੀ 27-04-2019 ਦਿਨ ਸ਼ਨਿਚਰਵਾਰ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਚ ਬੜੀ ਸ਼ਰਧਾ ਅਤੇ ਚਾਅ ਨਾਲ ਮਨਾਇਆ ਗਿਆ। ਸ਼੍ਰੀ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਭਾਈ ਮਨਜੀਤ ਸਿੰਘ ਜੀ ਸੈਕਟਰ 40 ਵਾਲਿਆਂ ਨੇ ਸੰਗਤਾਂ ਨੂੰ ਮਨੋਹਰ ਕੀਰਤਨ ਕਰਕੇ ਨਿਹਾਲ ਕੀਤਾ। ਫਾਉਂਡੇਸ਼ਨ ਡੇ ਮਨਾਉਣ ਲਈ ਸੰਗਤਾਂ ਜਲੰਧਰ, ਹਿਮਾਚਲ ਪ੍ਰਦੇਸ਼, ਪੰਜਾਬ ਅਤੇ ਹਰਿਆਣਾ ਤੋਂ ਆਈਆਂ ਸਨ। ਬੱਦੀ ਹਿਮਾਚਲ ਪ੍ਰਦੇਸ਼ ਤੋਂ ਸ਼੍ਰੀ ਮਦਨ ਲਾਲ ਜੀ ਅਤੇ ਨਰਾਇਣਗੜ੍ਹ ਹਰਿਆਣਾ ਤੋਂ ਸ. ਗੁਰਪਾਲ ਸਿੰਘ ਅਤੇ ਜਲੰਧਰ ਤੋਂ ਸ. ਪ੍ਰੀਤਮ ਸਿੰਘ ਨਾਰੰਗਪੁਰ ਸਾਬਕਾ ਪ੍ਰਧਾਨ, ਮੋਹਿੰਦਰ ਸਿੰਘ ਡੀ.ਐਸ.ਪੀ ਰਿਟਾ., ਅਤੇ ਸ. ਕਸ਼ਮੀਰ ਸਿੰਘ ਜੀ ਉਚੇਚੇ ਤੌਰ ਤੇ ਪਹੁੰਚੇ ਸਨ। ਸ.ਭਗਤ ਸਿੰਘ ਆਈ.ਏ.ਐਸ. (ਰਿਟਾ.) ਅਤੇ ਸਾਬਕਾ ਪ੍ਰਧਾਨ ਜੀ ਨੇ ਦੱਸਿਆ ਕਿ 27-04-1975 ਨੂੰ ਪਹਿਲੀ ਮੀਟਿੰਗ ਹੋਈ ਸੀ ਜਿਸ ਵਿਚ ਇਹ ਵਿਚਾਰ ਹੋਇਆ ਸੀ ਕਿ ਬਾਬਾ ਮੱਖਣ ਸ਼ਾਹ ਲੁਬਾਣਾ ਦੀ ਯਾਦ ਵਿਚ ਇੱਕ ਸੁੰਦਰ ਭਵਨ ਬਣਾਇਆ ਜਾਵੇ ਕਿਉਂਕਿ ਬਾਬਾ ਮੱਖਣ ਸ਼ਾਹ ਲੁਬਾਣਾਦੀ ਸਿੱਖ ਕੌਮ ਨੂੰ ਬਹੁਤ ਵੱਡੀ ਦੇਣ ਹੈ। ਸ. ਭਗਤ ਸਿੰਘ ਆਈ.ਏ.ਐਸ. ਜੀ ਨੇ ਪੁਰਾਣੇ ਸਭ ਅਹੁਦੇਦਾਰਾਂ ਅਤੇ ਪਤਵੰਤੇ ਸੱਜਣਾਂ ਦੇ ਨਾਮ ਲਏ ਅਤੇ ਉਹਨਾਂ ਦੀਆਂ ਕੀਮਤੀ ਸੇਵਾਵਾਂ ਦਾ ਵਰਨਣ ਵੀ ਕੀਤਾ। ਕੇਸ਼ਵ ਨਾਇਕ ਜੀ ਜੋ ਸੁੰਦਰ ਨਗਰ ਤੋਂ ਪਹੁੰਚੇ ਸਨ ਬਹੁਤ ਪ੍ਰਭਾਵਿਤ ਹੋਏ ਅਤੇ ਫਾਉਂਡੇਸ਼ਨ ਡੇ ਮਨਾਉਣ ਦੀ ਸ਼ਲਾਘਾ ਕੀਤੀ। ਫਾਉਂਡੇਸ਼ਨ ਡੇ ਦੇ ਸ਼ੁਭ ਮੌਕੇ ਤੇ ਭਵਨ ਦੇ ਪੁਰਾਣੇ ਅਹੁਦੇਦਾਰਾਂ ਜਿਨ੍ਹਾਂ ਦੀਆਂ ਸੇਵਾਵਾਂ ਸਦਕਾ ਭਵਨ ਅੱਜ ਚੜ੍ਹਦੀ ਕਲਾ ਵਿਚ ਹੈ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਤੇ ਸ. ਭਗਤ ਸਿੰਘ ਜੀ ਆਈ.ਏ.ਐਸ. (ਰਿਟਾ.) ਸ. ਗਿਆਨ ਸਿੰਘ ਜੀ, ਸ. ਨਰਿੰਦਰ ਸਿੰਘ ਜੱਲੋਂ ਜੀ, ਸ. ਜਗਮੋਹਨ ਸਿੰਘ ਜੀ, ਸ਼੍ਰੀ ਮਦਨ ਲਾਲ ਜੀ ਬੱਦੀ, ਬੀਬੀ ਗਰਦੀਪ ਕੌਰ ਜੀ, ਸ਼੍ਰੀ ਕੇਸ਼ਵ

ਨਾਇਕ ਜੀ, ਸ. ਬਿਕਰਮਜੀਤ ਸਿੰਘ ਜੀ, ਸ. ਪ੍ਰੀਤਮ ਸਿੰਘ ਨਾਰੰਗਪੁਰ ਜੀ, ਸ. ਮੋਹਿੰਦਰ ਸਿੰਘ ਜੀ ਡੀ.ਐਸ.ਪੀ. (ਰਿਟਾ.), ਸ. ਕਸ਼ਮੀਰ ਸਿੰਘ ਜੀ ਮਕਸੂਦਾਂ, ਕਰਨਲ ਗੁਰਦੀਪ ਸਿੰਘ ਜੀ ਆਦਿ ਨੂੰ ਸਰੋਪੇ ਪਾ ਕੇ ਸਨਮਾਨਿਤ ਕੀਤਾ ਗਿਆ।

ਆਖੀਰ ਵਿਚ ਪ੍ਰਧਾਨ ਜੀ ਨੇ ਆਈਆਂ ਸੰਗਤਾਂ ਅਤੇ ਪਤਵੰਤੇ ਸਜੱਣਾਂ ਦਾ ਧੰਨਵਾਦ ਕੀਤਾ ਅਤੇ ਗੁਰੂ ਦਾ ਲੰਗਰ ਛੱਕ ਕੇ ਜਾਣ ਲਈ ਬੇਨਤੀ ਕੀਤੀ।

7. **"ਗੁਰੂ ਲਾਧੋ ਰੇ" ਭਵਨਨਰਾਇਣਗੜ੍ਹ ਦੀ ਉਸਾਰੀ ਬਾਰੇ**:- ਨਰਾਇਣਗੜ੍ਹ (ਹਰਿਆਣਾ) ਵਿਚ "ਗੁਰੂ ਲਾਧੋ ਰੇ" ਭਵਨ ਉਸਾਰੀ ਅਧੀਨ ਹੈ, ਜੇਕਰ ਕਿਸੇ ਮੈਂਬਰ/ਅਹੁਦੇਦਾਰ ਨੇ "ਗੁਰੂ ਲਾਧੋ ਰੇ' ਭਵਨ ਨਰਾਇਣਗੜ੍ਹ ਦੀ ਉਸਾਰੀ ਵਾਸਤੇ ਸੇਵਾ ਕਰਵਾਉਣੀ ਹੈ ਤਾਂ ਹੇਠ ਲਿਖੇ ਬੈਂਕ ਅਕਾਉਂਟ ਨੰਬਰ ਤੇ ਰੁਪਏ ਪਾ ਸਕਦੇ ਹਨ: ਬੈਂਕ ਦਾ ਨਾਮ- ਪੰਜਾਬ ਨੈਸ਼ਨਲ ਬੈਂਕ, ਅਕਾਉਂਟ ਹੋਲਡਰ ਦਾ ਨਾਮ- ਗੁਰੂ ਲਾਧੋ ਰੇ ਭਵਨ ਨਰਾਇਣਗੜ੍ਹ, ਬੈਂਕ ਅਕਾਉਂਟ ਨੰ- 273300010290938,-0273300.

**ਮੈਡੀਕਲ ਕੈਂਪ ਬਾਰੇ** :- ਅਪ੍ਰੈਲ ਮਹੀਨੇ ਵਿਚ ਪਿੰਡਾਂ ਅਤੇ ਸ਼ਹਿਰਾਂ ਵਿੱਚ ਕੁੱਲ 19 ਕੈਂਪ ਲਗਾਏ ਗਏ ਹਨ। ਜਿਸਦਾ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| **ਲੜੀ ਨੰ.** | **ਮਿਤੀ ਅਤੇ ਸਥਾਨ** | **ਮਰੀਜ਼** |
|---|---|---|
| 1. | 26-03-2019/ਨੰਗੋਲੀ | 25 |
| 2. | 28-03-2019/ਛੋਟੀ ਖੋਡੀ | 30 |
| 3. | 28-03-2019/ਬੜੀ ਖੋਡੀ | 30 |
| 4. | 03-04-2019/ਜੰਗੂ ਮਾਜਰਾ | 32 |
| 5. | 04-04-2019/ਕੁਲਾਲ ਪੁਰ | 31 |
| 6. | 05-04-2019/ਮੀਆਂਪੁਰ | 30 |
| 7. | 06-04-2019/ਨਾਬੀਪੁਰ | 25 |
| 8. | 08-04-2019/ਸ਼ੰਗਰਾਨੀ | 33 |
| 9. | 09-04-2019/ਹਮੀਰਪੁਰ | 40 |
| 10. | 10-04-2019/ਸ਼ਾਹਪੁਰ | 25 |
| 11. | 12-04-2019/ਬੜੀ ਰਸ਼ੋਰ | 22 |
| 12. | 15-04-2019/ਬੜੀ ਰਸ਼ੋਰ | 31 |
| 13. | 16-04-2019/ਪਿੰਜੋਰੀ | 31 |
| 14. | 17-04-2019/ਮੁੰਨਾ ਮਾਜਰਾ | 32 |
| 15. | 20-04-2019/ਬੜਾ ਗਾਓਰ | 33 |
| 16. | 22-04-2019/ਛੱਜਰ ਮਾਜਰਾ | 30 |
| 17. | 23-04-2019/ਰਾਮਗੜ੍ਹ | 32 |
| 18. | 24-04-2019/ਛੋਟੀ ਬੱਸੀ | 32 |
| 19. | 25-04-2019/ਛੋਟੀ ਬੱਸੀ | 32 |
| | ਕੁੱਲ੍ਹ | 76 |






**ਮੈਡੀਕਲ ਵਿੰਗ ਬਾਰੇ**:- ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ 30-ਏ ਚੰਡੀਗੜ੍ਹ ਵਿਖੇ ਮੈਡੀਕਲ ਓ.ਪੀ.ਡੀ., ਕਲੀਨਿਕਲ ਲੈਬ ਅਤੇ ਡੈਂਟਲ ਵਿਚ ਚੈੱਕਅਪ ਚੱਲ ਰਹੇਹਨ। ਮੈਡੀਕਲ ਓ.ਪੀ.ਡੀ ਅਤੇ ਕਲੀਨਿਕਲ ਲੈਬ ਦੇ ਅਪ੍ਰੈਲ ਮਹੀਨੇ ਦੇ ਇਲਾਜ ਦਾ ਵੇਰਵਾ ਇਸ ਤਰ੍ਹਾਂ ਹੈ:-

**ਅਪ੍ਰੈਲ ਮਹੀਨੇ ਦੇ ਇਲਾਜ ਦਾ ਵੇਰਵਾ**:-

1. ਮੈਡੀਕਲ ਓ.ਪੀ.ਡੀ - 158
2. ਮੈਡੀਕਲ ਲੈਬ - 45
3. ਡੈਂਟਲ ਕਲੀਨਿਕ - 40

**ਸ. ਜਗੀਰ ਸਿੰਘ ਲਾਲੀਆ**
**ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ**
**ਫਾਉਂਡੇਸ਼ਨ ਚੰਡੀਗੜ੍ਹ।**

# ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੇ ਪ੍ਰਮੁੱਖ ਸਹਿਯੋਗੀ

ਡਾ. ਜਸਵੰਤ ਸਿੰਘ



**ਬਾਵਾ ਹਰਨਾਮ ਸਿੰਘ (1915-1981)** – ਬਾਵਾ ਹਰਨਾਮ ਸਿੰਘ, ਲੁਬਾਣਾ ਬਰਾਦਰੀ ਦੇ ਇਕ ਪ੍ਰਭਾਵਸ਼ਾਲੀ ਨੇਤਾ ਸਨ ਜਿਨ੍ਹਾਂ ਨੇ 1950 ਈ. ਤੋਂ 1981 ਈ. ਤੱਕ ਆਪਣੀ ਬਰਾਦਰੀ ਦੀ ਅਗਵਾਈ ਕੀਤੀ। ਉਹਨਾਂ ਦਾ ਜਨਮ 10 ਜੂਨ 1915 ਈ. ਨੂੰ ਖੋੜੀ ਦੁੱਨਾ ਸਿੰਘ, ਤਹਿਸੀਲ ਅਤੇ ਜ਼ਿਲ੍ਹਾ ਗੁਜਰਾਤ ਵਿਚ ਹੋਇਆ। ਉਹ ਦਸਵੀਂ ਦੀ ਪ੍ਰੀਖਿਆ ਗੁਰੂ ਗੋਬਿੰਦ ਸਿੰਘ ਖਾਲਸਾ ਲੁਬਾਣਾ ਹਾਈ ਸਕੂਲ ਤੋਂ ਪਾਸ ਕਰਕੇ, ਖਾਲਸਾ ਕਾਲਜ ਅੰਮ੍ਰਿਤਸਰ ਦਾਖਲ ਹੋਏ। ਕੁਝ ਸਮੇਂ ਬਾਅਦ ਉਹ ਕਾਲਜ ਬਦਲ ਕੇ ਸਿੱਖ ਨੈਸ਼ਨਲ ਕਾਲਜ, ਲਾਹੌਰ ਚਲੇ ਗਏ। ਇਸ ਕਾਲਜ ਤੋਂ ਹੀ ਉਹਨਾਂ ਨੇ 1936 ਈ. ਵਿਚ ਬੀ.ਏ. ਪਾਸ ਕੀਤੀ।

ਪੜ੍ਹਾਈ ਖਤਮ ਕਰਨ ਉਪਰੰਤ ਉਹਨਾਂ ਨੇ ਸੰਤ ਪ੍ਰੇਮ ਸਿੰਘ ਰਾਹੀਂ ਲੁਬਾਣਾ ਬਰਾਦਰੀ ਦੇ ਵਿਕਾਸ ਲਈ ਸ਼ੁਰੂ ਕੀਤੇ ਕੰਮਾਂ ਵਿਚ ਹਿੱਸਾ ਲਿਆ। ਉਹਨਾਂ ਨੇ ਬਰਾਦਰੀ ਵਿਚੋਂ ਸਮਾਜਿਕ ਬੁਰਾਈਆਂ ਨੂੰ ਦੂਰ ਕਰਨ ਲਈ ਤੇ ਸਮਾਜਿਕ ਅਤੇ ਸੱਭਿਆਚਾਰਕ ਜਾਗਰਤੀ ਪੈਦਾ ਕਰਨ ਲਈ ਇਕ ਬਹੁਤ ਮਹੱਤਵਪੂਰਨ ਸਪਤਾਹਿਕ ਅਖਬਾਰ 'ਪ੍ਰੇਮ ਸੰਦੇਸ਼' 1941 ਈ. ਵਿਚ ਕਿਲਾ ਗੁੱਜਰ ਸਿੰਘ, ਲਾਹੌਰ ਤੋਂ ਸ਼ੁਰੂ ਕੀਤਾ। ਉਹਨਾਂ ਨੇ ਦੀਵਾਨ ਸਿੰਘ ਮਹਿਰਮ ਦੇ ਸਹਿਯੋਗ ਨਾਲ ਇਕ ਪੁਸਤਕ 'ਬਾਬਾ ਮੱਖਣ ਸ਼ਾਹ ਲੁਬਾਣਾ' 1943 ਈ. ਵਿਚ ਲਿਖੀ। ਇਹ ਪੁਸਤਕ ਲੁਬਾਣਾ ਬਰਾਦਰੀ ਬਾਰੇ ਪਹਿਲੀ ਪੁਸਤਕ ਸੀ ਜਿਸ ਵਿਚ ਇਸ ਬਰਾਦਰੀ ਦੀ ਸਿੱਖ ਧਰਮ ਨੂੰ ਦੇਣ ਦਾ ਸਿਥਾਰਪੂਰਵਕ ਵਰਣਨ ਕੀਤਾ ਗਿਆ।

1950 ਈ. ਵਿਚ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਉਹਨਾਂ ਨੇ ਡੇਰਾ ਸੰਤ ਪ੍ਰੇਮ ਸਿੰਘ ਮੁਰਾਲਾ ਦੇ ਮੁੱਖੀ ਤੌਰ 'ਤੇ ਪ੍ਰਬੰਧ ਸੰਭਾਲਿਆ। ਉਹ ਤਿੰਨ ਵਾਰ ਵਿਧਾਨ ਸਭਾ ਹਲਕਾ ਕਪੂਰਥਲਾ ਤੋਂ ਐਮ.ਐਲ.ਏ. ਬਣੇ। ਉਹਨਾਂ ਨੂੰ 5 ਜੂਨ 1970 ਈ. ਨੂੰ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚਲੇ ਮੰਤਰੀ ਮੰਡਲ ਵਿਚ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਬਣਾਇਆ ਗਿਆ। ਉਹਨਾਂ ਨੇ ਇਲਾਕੇ ਵਿਚ ਉਚੇਰੀ ਸਿੱਖਿਆ ਦੇ ਪ੍ਰਸਾਰ ਲਈ ਦੋ ਵਿੱਦਿਆ ਸੰਸਥਾਵਾਂ 1969 ਈ. ਨੂੰ ਸਥਾਪਿਤ ਕਰਨ ਵਿਚ ਅਹਿਮ ਯੋਗਦਾਨ ਪਾਇਆ। ਉਸ ਸਮੇਂ ਸੰਤ ਪ੍ਰੇਮ ਸਿੰਘ ਕਰਮਸਰ ਖ਼ਾਲਸਾ ਕਾਲਜ ਬੇਗੋਵਾਲ ਅਤੇ ਗੁਰੂ ਨਾਨਕ ਪ੍ਰੇਮ ਕਰਮਸਰ ਕਾਲਜ ਨਡਾਲਾ ਸਥਾਪਿਤ ਕੀਤੇ ਗਏ। ਉਹਨਾਂ ਦੁਆਰਾ ਕੀਤੇ ਇਲਾਕੇ ਦੇ ਵਿਕਾਸ ਲਈ ਅਨੇਕਾਂ ਕੰਮਾਂ ਵਿਚ ਸੜਕਾਂ ਬਣਾਉਣਾ, ਵਿੱਦਿਅਕ ਸੰਸਥਾਵਾਂ ਖੋਲ੍ਹਣ ਤੋਂ ਇਲਾਵਾ ਬਿਆਸ ਨਦੀ ਤੇ ਇਕ ਬਹੁਤ ਲੰਮਾ ਧੁੱਸੀ ਬੰਨ ਬਣਵਾ ਕੇ ਇਲਾਕੇ ਨੂੰ ਹੜ੍ਹਾਂ ਦੀ ਮਾਰ ਤੋਂ ਬਚਾਉਣਾ ਸੀ। 1981 ਈ. ਵਿਚ ਉਹ ਅਕਾਲ ਚਲਾਣਾ ਕਰ ਗਏ।

**ਚੌਧਰੀ ਲੱਖੀ ਸਿੰਘ (1902-1977)** - ਚੌਧਰੀ ਲੱਖੀ ਸਿੰਘ ਦਾ ਜਨਮ ਪਹਿਲੀ ਜਨਵਰੀ 1902 ਈ. ਨੂੰ ਟਾਂਡਾ, ਜ਼ਿਲ੍ਹਾ ਗੁਜਰਾਤ ਵਿਚ ਹੋਇਆ। ਉਨ੍ਹਾਂ ਨੇ ਬੀ.ਏ. ਪਾਸ ਕਰਨ ਉਪਰੰਤ ਲੇਖਾ-ਜੋਖਾ (Accounts) ਨਾਲ ਸਬੰਧਤ ਕਈ ਡਿਗਰੀਆਂ ਪਾਸ ਕੀਤੀਆਂ। ਉਹ ਵਿੱਤ ਸਲਾਹਕਾਰ ਦੇ ਤੌਰ 'ਤੇ ਭਰਤੀ ਹੋਏ ਅਤੇ 1960 ਈ. ਐਗਜਾਮੀਨਰ ਲੋਕਲ ਫੰਡ ਪੰਜਾਬ ਦੇ ਤੌਰ 'ਤੇ ਸੇਵਾ ਤੋਂ ਫਾਰਗ ਹੋਏ। ਉਨ੍ਹਾਂ ਦੀ ਸਿੱਖਿਆ ਦਾ ਪ੍ਰਸਾਰ ਕਰਨ ਵਿਚ ਖਾਸ ਰੁਚੀ ਸੀ। ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਖਾਲਸਾ ਲੁਬਾਣਾ ਹਾਈ ਸਕੂਲ ਟਾਂਡਾ, ਜ਼ਿਲ੍ਹਾ ਗੁਜਰਾਤ ਵਿਚ ਸਕੱਤਰ ਦੇ ਤੌਰ 'ਤੇ 1940 ਈ. ਕੰਮ ਕੀਤਾ। ਉਨ੍ਹਾਂ ਨੇ ਆਪ 1931 ਈ. ਵਿਚ ਇਕ ਕੰਨਿਆ ਪਾਠਸ਼ਾਲਾ, ਪਿੰਡ ਟਾਂਡਾ, ਜ਼ਿਲ੍ਹਾ ਗੁਜਰਾਤ ਵਿਚ ਸ਼ੁਰੂ ਕੀਤਾ ਅਤੇ 1942 ਈ. ਵਿਚ ਪਿੰਡ ਖੋੜੀਦੁਨਾ ਸਿੰਘ, ਜ਼ਿਲ੍ਹਾ ਗੁਜਰਾਤ ਵਿਚ ਇਕ ਸਕੂਲ ਸਥਾਪਿਤ ਕੀਤਾ। ਉਨ੍ਹਾਂ ਨੇ ਲੁਬਾਣਾ ਬਰਾਦਰੀ ਦੀਆਂ ਵਿੱਦਿਅਕ ਸੰਸਥਾਵਾਂ ਨੂੰ ਮਾਇਕ ਤੌਰ 'ਤੇ ਬਹੁਤ ਸਹਾਇਤਾ ਦਿੱਤੀ। ਜਿਵੇਂ 'ਅਕਾਊਂਟ ਅਤੇ ਆਡਿਟ', 'ਮਿਊਂਸਪਲ ਲਾਜ', 'ਸਿਵਲ ਰੈਗੂਲੇਸ਼ਨ', 'ਫੰਡਾਮੈਂਟਲ ਐਂਡ ਸਪਲੀਮੈਂਟਰੀ ਰੂਲਜ਼' ਆਦਿ। ਉਹ ਸੰਤ ਪ੍ਰੇਮ ਸਿੰਘ ਦੇ ਬਹੁਤ ਲਾਗੇ ਦੇ ਸਾਥੀ ਸੀ। ਉਨ੍ਹਾਂ ਨੇ ਸਮਾਜਿਕ ਬੁਰਾਈਆਂ ਤੇ ਲੁਬਾਣਾ ਸੱਭਿਆਚਾਰ ਦੇ ਅਜੀਬ ਪੱਖਾਂ ਵਿਰੁੱਧ ਆਵਾਜ਼ ਬੁਲੰਦ ਕੀਤੀ। ਸੇਵਾ ਤੋਂ ਭਾਰਮੁਕਤ ਹੋਣ ਉਪਰੰਤ ਉਨ੍ਹਾਂ ਨੇ ਬਹੁਤ ਸਰਗਰਮੀ ਨਾਲ ਰਾਜਨੀਤੀ ਵਿਚ ਹਿੱਸਾ ਲਿਆ। ਉਹ 1962 ਈ. ਵਿਚ ਪੰਜਾਬ ਵਿਧਾਨ ਸਭਾ ਵਿਚ ਸ਼੍ਰੋਮਣੀ ਅਕਾਲੀ ਦਲ ਉਮੀਦਵਾਰ ਦੇ ਤੌਰ 'ਤੇ ਚੁਣੇ ਗਏ। ਉਹਨਾਂ ਦੀ ਪਹਿਲੀ ਜਨਵਰੀ 1977 ਈ. ਨੂੰ ਮਿਆਨੀ ਅਫਗਾਨਾ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਮੌਤ ਹੋ ਗਈ।



# ਅਗਿਆਨ ਅੰਧਕਾਰ ਦੇ ਵਿਨਾਸ਼ਕ : ਸ੍ਰੀ ਗੁਰੂ ਨਾਨਕ ਦੇਵ ਜੀ

**ਭਾਈ ਕਾਨ੍ਹ ਸਿੰਘ ਨਾਭਾ**


ਸ੍ਰੀ ਗੁਰੂ ਨਾਨਕ ਸਾਹਿਬ ਦਾ ਜਨਮ ਵੈਸਾਖ ਸੁਦੀ 3 (20 ਵੈਸਾਖ) ਸੰਮਤ 1526 (15 ਅਪ੍ਰੈਲ, ਸੰਨ 1469) ਨੂੰ ਬੇਦੀ ਕਾਲੂ ਚੰਦ ਦੇ ਘਰ ਮਾਤਾ ਤ੍ਰਿਪਤਾ ਜੀ ਦੇ ਉਦਰ ਤੋਂ ਰਾਇ ਭੋਇ ਦੀ ਤਲਵੰਡੀ (ਜੋ ਹੁਣ ਨਾਨਕਿਆਣਾ ਪ੍ਰਸਿੱਧ ਹੈ) ਵਿਚ ਹੋਇਆ।

ਸੰਮਤ 1532 ਵਿਚ ਗੋਪਾਲ ਪੰਡਿਤ ਪਾਸ ਹਿੰਦੀ, ਸੰਮਤ 1535 ਵਿਚ ਬ੍ਰਿਜ ਲਾਲ ਪੰਡਿਤ ਪਾਸ ਸੰਸਕ੍ਰਿਤ ਅਤੇ ਸੰਮਤ 1539 ਵਿਚ ਮੌਲਵੀ ਕੁਤਬੁੱਦੀਨ ਪਾਸ ਫ਼ਾਰਸੀ ਪੜ੍ਹਨ ਬਿਠਾਏ, ਪਰ ਇਹਨਾਂ ਤਿੰਨਾਂ ਉਸਤਾਦਾਂ ਨੂੰ ਆਪਣੇ ਆਤਮਿਕ ਬਲ ਨਾਲ ਸ਼ਾਗਿਰਦ ਬਣਾ ਕੇ ਸਮਝਾਇਆ ਕਿ ਵਿਦਿਆ ਦੇ ਤੱਤ ਜਾਣੇ ਬਿਨਾਂ ਪੜ੍ਹਿਆ ਹੋਇਆ ਆਦਮੀ ਭੀ ਮੂਰਖ ਹੈ। ਇਸੇ ਵਰ੍ਹੇ ਕਾਲੂ ਜੀ ਨੇ ਖੱਤਰੀਆਂ ਦੀ ਰੀਤ ਅਨੁਸਾਰ ਹਰਦਿਆਲ, ਕੁਲ ਪੁਰੋਹਿਤ ਤੋਂ ਗੁਰੂ ਸਾਹਿਬ ਦੇ ਜਨੇਊ ਪਵਾਉਣ ਦਾ ਪ੍ਰਬੰਧ ਕੀਤਾ। ਜਦ ਪੁਰੋਹਿਤ ਨੇ ਜਨੇਊ ਲੈ ਕੇ ਮੰਤਰ ਉਪਦੇਸ਼ ਸਹਿਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗਲ ਪਹਿਰਾਉਣਾ ਚਾਹਿਆ, ਤਦ ਸਤਿਗੁਰੂ ਨੇ ਜਨੇਊ ਨੂੰ ਜਾਤਿ-ਬੰਧਨ ਜਾਣ ਕੇ ਪਹਿਰਣੋ ਇਨਕਾਰ ਕੀਤਾ ਅਰ 'ਦਇਆ ਕਪਾਹ ਸੰਤੋਖ ਸੂਤ' ਆਦਿ ਸਲੋਕ ਉਚਾਰੇ, ਜੋ ਵਾਰ ਆਸਾ ਵਿਚ ਹਨ।

ਗੁਰੂ ਸਾਹਿਬ ਦਾ ਮਨ ਸਦਾ ਕਰਤਾਰ ਦੇ ਚਿੰਤਨ ਵਿਚ ਲੀਨ ਰਹਿੰਦਾ ਸੀ ਅਰ ਵਿਹਾਰਾਂ ਵੱਲ ਧਿਆਨ ਨਹੀਂ ਦਿੰਦੇ ਸਨ, ਪਰ ਬਾਬਾ ਕਾਲੂ ਜੀ ਦੀ ਵੱਡੀ ਇੱਛਾ ਸੀ ਕਿ ਕਿਵੇਂ ਘਰ ਦੇ ਧੰਦਿਆਂ ਵਿਚ ਲੱਗਣ, ਇਕ ਵਾਰ ਪਿਤਾ ਨੇ ਕੁਝ ਰੁਪਏ ਦੇ ਕੇ ਆਪ ਨੂੰ ਸੌਦਾ ਕਰਨ ਭੇਜਿਆ, ਰਸਤੇ ਵਿਚ ਕਈ ਦਿਨ ਦੇ ਭੁੱਖੇ ਵਿਦਵਾਨ ਸਾਧੂ ਮਿਲੇ, ਸਾਰਾ ਧਨ ਉਹਨਾਂ ਦੇ ਖਾਨ-ਪਾਨ ਵਾਸਤੇ ਅਰਪ ਦਿੱਤਾ ਜਦ ਘਰ ਆਏ ਤਦ ਪਿਤਾ ਜੀ ਨੇ ਬਹੁਤ ਤਾੜਨਾ ਕੀਤੀ, ਇਸ ਦਸ਼ਾ ਨੂੰ ਦੇਖ ਕੇ ਰਾਇ ਬੁਲਾਰ ਜੋ ਤਲਵੰਡੀ ਦਾ ਸਰਦਾਰ ਸੀ ਅਤੇ ਜਿਸ ਦਾ ਨਿਸ਼ਚਾ ਸੀ ਕਿ ਨਾਨਕ ਦੇਵ ਪਰਮ ਗਿਆਨੀ ਸੰਤ ਹਨ, ਬਹੁਤ ਦੁਖੀ ਹੋਇਆ, ਉਸ ਨੇ ਮੁਨਾਸਿਬ ਜਾਣਿਆ ਕਿ ਗੁਰੂ ਨਾਨਕ ਦੇਵ ਜੀ ਨੂੰ ਸੁਲਤਾਨਪੁਰ ਬੀਬੀ ਨਾਨਕੀ ਜੀ ਪਾਸ ਭੇਜ ਦਿੱਤਾ ਜਾਵੇ ਤਾਂ ਕਿ ਗੁਰੂ ਜੀ ਦੀ ਸ਼ਾਂਤੀ ਵਿਚ ਵਿਘਨ ਨਾ ਪਵੇ। ਸੰਮਤ 1541 ਵਿਚ ਬੀਬੀ ਨਾਨਕੀ ਜੀ ਦਾ ਪਤੀ ਜੈਰਾਮ ਆਪ ਨੂੰ ਸੁਲਤਾਨਪੁਰ ਲੈ ਗਿਆ ਅਰ ਸਭ ਦੀ ਪ੍ਰੇਰਨਾ ਕਰਕੇ ਗੁਰੂ ਸਾਹਿਬ ਨੇ ਦੌਲਤ ਖਾਂ ਲੋਧੀ ਦਾ ਮੋਦੀਖਾਨਾ ਸੰਮਤ 1542 ਵਿਚ ਸਾਂਭਿਆ।

24 ਜੇਠ ਸੰਮਤ 1544 ਨੂੰ ਆਪ ਦਾ ਵਿਆਹ ਮੂਲ ਚੰਦ ਜੀ ਦੀ ਸਪੁੱਤਰੀ ਸੁਲੱਖਣੀ ਜੀ ਨਾਲ ਹੋਇਆ, ਜਿਸ ਤੋਂ ਬਾਬਾ ਸ੍ਰੀ ਚੰਦ ਜੀ ਅਤੇ ਲਖਮੀ ਦਾਸ ਜੀ ਜਨਮੇ।

ਰਾਜ-ਜੋਗੀ ਗੁਰੂ ਨੇ ਵਿਚਾਰਿਆ ਕਿ ਘਰ ਬੈਠ ਕੇ ਉਪਦੇਸ਼ ਕਰਨ ਨਾਲ ਸੰਸਾਰ 'ਤੇ ਪੂਰਨ ਉਪਕਾਰ ਨਹੀਂ ਹੋ ਸਕਦਾ, ਇਸ ਲਈ ਫੁੱਟ, ਈਰਖਾ, ਵੈਰ ਨਾਲ ਸੜਦੀ ਹੋਈ ਲੋਕਾਈ ਨੂੰ ਅੰਮ੍ਰਿਤ ਨਾਮ ਦਾ ਛਿੱਟਾ ਦੇਣ ਵਾਸਤੇ ਸੰਮਤ 1554 ਵਿਚ ਮੋਦੀਖਾਨਾ ਤਿਆਗ ਕੇ ਦੇਸ਼ਾਂਟਨ ਆਰੰਭਿਆ।




ਏਮਨਾਬਾਦ ਵਿਚ ਲਾਲੋ ਤਖਾਣ ਦੇ ਘਰ ਰਹਿ ਕੇ ਖਾਣ-ਪੀਣ ਦੀ ਛੂਤ-ਛਾਤ ਦਾ ਭਰਮ ਮਿਟਾਇਆ। ਹਰਿਦੁਆਰ ਜਾ ਕੇ ਪਿਤਰਾਂ ਨੂੰ ਜਲ ਦੇਣਾ ਅਵਿਦਿਆ-ਕਰਮ ਸਿੱਧ ਕੀਤਾ। ਦਿੱਲੀ, ਕਾਂਸ਼ੀ ਆਦਿਕ ਅਸਥਾਨਾਂ ਵਿਚ ਧਰਮ ਦਾ ਪ੍ਰਚਾਰ ਕਰਦੇ ਹੋਏ ਗਯਾ ਪਹੁੰਚੇ, ਜਿਥੇ ਪਿੰਡ-ਦਾਨ ਆਦਿਕ ਕਰਮਾਂ ਨੂੰ ਖੰਡਨ ਕੀਤਾ। ਜਗਨਨਾਥ ਪਹੁੰਚ ਕੇ ਕਰਤਾਰ ਦੀ ਸੱਚੀ ਆਰਤੀ ਦਾ ਉਪਦੇਸ਼ ਦਿੱਤਾ।

ਦੂਜੀ ਯਾਤਰਾ ਸੰਮਤ 1567 ਵਿਚ ਦੱਖਣ ਦੀ ਕੀਤੀ, ਅਰ ਬੁੱਧਗਿਰਿ (ਕੋਹਆਬੂ), ਸੇਤੁਬੰਦ, ਰਾਮੇਸ਼ਵਰ, ਸਿੰਗਲਾਦੀਪ ਆਦਿਕ ਅਸਥਾਨਾਂ ਵਿਚ ਕਰਤਾਰ ਦੀ ਭਗਤੀ ਦਾ ਪ੍ਰਚਾਰ ਕੀਤਾ।

ਤੀਜੀ ਯਾਤਰਾ ਸੰਮਤ 1575 ਵਿਚ ਆਰੰਭ ਕੇ ਸਰਮੌਰ ਗੜ੍ਹਵਾੜ ਗੋਰਖਪੁਰ ਸਿੱਕਮ, ਭੂਟਾਨ, ਤਿੱਬਤ ਆਦਿਕ ਵਿਚ ਵਾਹਿਗੁਰੂ ਦੀ ਅਨੰਨਯ ਉਪਾਸਨਾ ਦ੍ਰਿੜ੍ਹਾਈ।

ਚੌਥੀ ਯਾਤਰਾ ਸੰਮਤ 1575 ਵਿਚ ਪੱਛਮ ਦੀ ਕੀਤੀ, ਬਲੋਚਿਸਤਾਨ ਹੁੰਦੇ ਹੋਏ ਮੱਕੇ ਪਹੁੰਚੇ ਅਰ ਇਕ ਦਿਸ਼ਾ ਵੱਲ ਮੁੱਖ ਕਰ ਕੇ ਸਰਵ-ਵਿਆਹੀ ਕਰਤਾਰ ਦੀ ਪ੍ਰਾਰਥਨਾ ਕਰਨੀ ਖੰਡਨ ਕੀਤੀ; ਰੂਸ, ਬਗਦਾਦ, ਈਰਾਨ ਦੀ ਸੈਰ ਕਰਦੇ ਹੋਏ ਕੰਧਾਰ, ਕਾਬਲ ਵਿਚ ਸਤਿਨਾਮ ਦਾ ਉਪਦੇਸ਼ ਦਿੰਦੇ, ਹਸਨ

ਅਬਦਾਲ ਨਿਵਾਸੀ ਵਲੀ ਕੰਧਾਰੀ ਦਾ ਅਭਿਮਾਨ ਦੂਰ ਕੀਤਾ।

ਸੰਮਤ 1579 ਵਿਚ ਕਰਤਾਰਪੁਰ (ਜਿਸ ਨੂੰ ਗੁਰੂ ਨਾਨਕ ਦੇਵ ਜੀ ਨੇ ਸੰਮਤ 1561 ਵਿਚ ਆਬਾਦ ਕੀਤਾ ਸੀ) ਬਿਰਾਜ ਕੇ ਗਿਆਨ ਅਤੇ ਭਗਤੀ ਤੇ ਸਦ-ਬ੍ਰਤ ਨਾਲ ਅੰਨ ਦਾ ਲੰਗਰ ਸਭ ਲਈ ਜਾਰੀ ਕੀਤਾ।

ਇਸ ਵਰ੍ਹੇ ਕਰਤਾਰਪੁਰ ਵਿਚ ਗੁਰੂ ਸਾਹਿਬ ਦੇ ਮਾਤਾ-ਪਿਤਾ ਦਾ ਦੇਹਾਂਤ ਹੋਇਆ। ਯੋਗ ਪੁਰਸ਼ ਹੀ ਆਚਾਰਯ ਪਦਵੀ ਦੇ ਅਧਿਕਾਰੀ ਹਨ, ਇਹ ਸਿੱਧ ਕਰਨ ਲਈ ਗੁਰੂ ਅੰਗਦ ਦੇਵ ਜੀ ਨੂੰ ਗੁਰਤਾ ਦੇ ਕੇ 23 ਅੱਸੂ (ਸੁਦੀ 10) ਸੰਮਤ 1596 (22 ਸਤੰਬਰ ਸੰਨ 1539) ਨੂੰ ਜੋਤੀ ਜੋਤਿ ਸਮਾਏ। ਅੰਤਿਮ ਸੰਸਕਾਰ ਕਰਨ ਲਈ ਸਿੱਖ, ਹਿੰਦੂ ਅਤੇ ਮੁਸਲਮਾਨਾਂ ਦਾ ਪਰਸਪਰ ਬਹੁਤ ਵਿਵਾਦ ਹੋਇਆ ਕਿਉਂਕਿ ਇਹ ਸਭ ਜਗਤ ਗੁਰੂ ਨੂੰ ਕੇਵਲ ਆਪਣਾ ਹੀ ਗੁਰੂ-ਪੀਰ ਮੰਨਦੇ ਸਨ। ਅੰਤ ਨੂੰ ਗੁਰੂ ਸਾਹਿਬ ਦਾ ਵਸਤਰ ਲੈ ਕੇ ਮੁਸਲਮਾਨਾਂ ਨੇ ਕਬਰ ਬਣਾਈ ਅਤੇ ਸਿੱਖਾਂ ਹਿੰਦੂਆਂ ਨੇ ਸੰਸਕਾਰ ਕੀਤਾ। ਗੁਰੂ ਨਾਨਕ ਦੇਵ ਦੇ ਇਸ ਪਵਿੱਤਰ ਧਾਮ ਦਾ ਨਾਮ 'ਡੇਰਾ (ਦੇਹੁਰਾ) ਬਾਬਾ ਨਾਨਕ' ਹੈ। ਗੁਰੂ ਸਾਹਿਬ ਦੀ ਸਾਰੀ ਅਵਸਥਾ 70 ਵਰ੍ਹੇ 4 ਮਹੀਨੇ ਅਤੇ 3 ਦਿਨ ਦੀ ਸੀ।

**ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ॥**

(ਪੰਨਾ ੧੫੦)

**ਹਰਖ ਅਨੰਤ ਸੋਗ ਨਹੀ ਬੀਆ॥**
**ਸੋ ਘਰੁ ਗੁਰਿ ਨਾਨਕ ਕਉ ਦੀਆ॥**

(ਪੰਨਾ ੧੯੬)

**ਗੁਰੁ ਨਾਨਕ ਜਾ ਕਉ ਭਇਆ ਦਇਆਲਾ॥**
**ਸੋ ਜਨੁ ਹੋਆ ਸਦਾ ਨਿਹਾਲਾ॥**

(ਪੰਨਾ ੩੯੬)

**ਨਾਨਕ ਜਿਨ੍ ਕਉ ਸਤਿਗੁਰੁ ਮਿਲਿਆ**
**ਤਿਨ ਕਾ ਲੇਖਾ ਨਿਬੜਿਆ॥**

(ਪੰਨਾ ੪੩੫)

**ਗੁਰੁ ਨਾਨਕ ਜਿਨ ਸੁਣਿਆ ਪੇਖਿਆ**
**ਸੇ ਫਿਰਿ ਗਰਭਾਸਿ ਨ ਪਰਿਆ ਰੇ॥**

(ਪੰਨਾ ੬੧੨)

**ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ**
**ਫਿਰਿ ਲੇਖਾ ਮੂਲਿ ਨ ਲਇਆ॥**

(ਪੰਨਾ ੬੧੨)

**ਜੋ ਜੋ ਸਰਣਿ ਪਰਿਓ ਗੁਰੁ ਨਾਨਕ ਅਭੈ ਦਾਨੁ ਸੁਖ ਪਾਏ॥**

(ਪੰਨਾ ੮੨੦)

**ਚਾਰਿ ਬਰਨ ਚਾਰਿ ਆਸ੍ਰਮ ਹੈ,**
**ਕੋਈ ਮਿਲੈ ਗੁਰੂ ਗੁਰ ਨਾਨਕ ਸੋ ਆਪਿ ਤਰੈ ਕੁਲ ਸਗਲ ਤਰਾਧੋ॥**

(ਪੰਨਾ ੧੨੯੭)

**ਹਰਿ ਗੁਰੁ ਨਾਨਕੁ ਜਿਨ ਪਰਸਿਅਉ ਸਿ ਜਨਮ ਮਰਣ ਦੁਹ ਥੇ ਰਹਿਓ॥**

(ਪੰਨਾ ੧੩੮੬)

* * *

# ਬੇਨਤੀ

ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

**ਉਪ ਸੰਪਾਦਕ**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ (ਰਜਿ.) ਚੰਡੀਗੜ੍ਹ**

*** ਅਧਰਮ ਦੀ ਅਮੀਰੀ ਤੋਂ ਇੱਜ਼ਤ ਦੀ ਗਰੀਬੀ ਚੰਗੀ ਹੈ। - ਸੰਤ ਗਿਆਨੇਸ਼ਵਰ**

# ਸਿੱਖ ਰਹਿਤ ਮਰਯਾਦਾ

ਧਰਮ ਪ੍ਰਚਾਰ ਕਮੇਟੀ (ਐਸ.ਜੀ.ਪੀ.ਸੀ.)

**ਸਿੱਖ ਦੀ ਤਾਰੀਫ਼** - ਜੋ ਇਸਤਰੀ ਜਾਂ ਪੁਰਸ਼ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤਕ), ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉੱਤੇ ਨਿਸ਼ਚਾ ਰੱਖਦਾ ਹੈ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ।

ਸਿੱਖ ਦੀ ਰਹਿਣੀ ਦੋ ਤਰ੍ਹਾਂ ਦੀ ਹੈ, – ਸ਼ਖ਼ਸੀ ਤੇ ਪੰਥਕ

**ਸ਼ਖ਼ਸੀ ਰਹਿਣੀ** - (1) ਨਾਮ ਬਾਣੀ ਦਾ ਅਭਿਆਸ। (2) ਗੁਰਮਤਿ ਦੀ ਰਹਿਣੀ। (3) ਸੇਵਾ।

**(1) ਨਾਮ ਬਾਣੀ ਦਾ ਅਭਿਆਸ** - (1) ਸਿੱਖ ਅੰਮ੍ਰਿਤ ਵੇਲੇ (ਪਹਿਰ ਰਾਤ ਰਹਿੰਦੀ) ਜਾਗ ਕੇ ਇਸ਼ਨਾਨ ਕਰੇ ਅਤੇ ਇਕ ਅਕਾਲ ਪੁਰਖ ਦਾ ਧਿਆਨ ਕਰਦਾ ਹੋਇਆ 'ਵਾਹਿਗੁਰੂ' ਨਾਮ ਜਪੋ।

(2) ਨਿਤਨੇਮ ਦਾ ਪਾਠ ਕਰੇ। ਨਿਤਨੇਮ ਦੀਆਂ ਬਾਣੀਆਂ ਇਹ ਹਨ –

**ਜਪੁ, ਜਾਪੁ ਅਤੇ 10 ਸਵੱਯੇ ('ਸ੍ਰਾਵਗ ਸੁਧ' ਵਾਲੇ)** - ਇਹ ਬਾਣੀਆਂ ਅੰਮ੍ਰਿਤ ਵੇਲੇ ਪੜ੍ਹਨੀਆਂ।

**ਸੋ ਦਰੁ ਰਹਿਰਾਸ** - ਸ਼ਾਮ ਵੇਲੇ ਸੂਰਜ ਡੁੱਬੇ ਪੜ੍ਹਨੀ। ਇਸ ਵਿਚ ਇਹ ਬਾਣੀਆਂ ਸ਼ਾਮਲ ਹਨ –

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਲਿਖੇ ਹੋਏ ਨੌਂ ਸ਼ਬਦ ('ਸੋ ਦਰੁ' ਤੋਂ ਲੈ ਕੇ 'ਸਰਣਿ ਪਰੇ ਕੀ ਰਾਖਹੁ ਸਰਮਾ' ਤਕ), ਬੇਨਤੀ ਚੌਪਈ ਪਾਤਸ਼ਾਹੀ 10 ('ਹਮਰੀ ਕਰੋ ਹਾਥ ਦੈ ਰੱਛਾ' ਤੋਂ ਲੈ ਕੇ 'ਦੁਸਟ ਦੋਖ ਤੇ ਲੇਹੁ ਬਚਾਈ' ਤਕ, ਸ੍ਵੈਯਾ ('ਪਾਂਇ ਗਹੇ ਜਬ ਤੇ ਤੁਮਰੇ') ਅਤੇ ਦੋਹਰਾ ('ਸਗਲ ਦੁਆਰ ਕਉ ਛਾਡਿ ਕੈ'), ਅਨੰਦ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ, ਮੁੰਦਾਵਣੀ ਤੇ ਸਲੋਕ ਮਹਲਾ 5 'ਤੇਰਾ ਕੀਤਾ ਜਾਤੋ ਨਾਹੀ।'

**ਸੋਹਿਲਾ** - ਇਹ ਬਾਣੀ ਰਾਤ ਨੂੰ ਸੌਣ ਵੇਲੇ ਪੜ੍ਹਨੀ।

ਅੰਮ੍ਰਿਤ ਵੇਲੇ ਅਤੇ ਸੋਦਰੁ ਵੇਲੇ ਦੇ ਨਿਤਨੇਮ ਤੋਂ ਉਪਰੰਤ ਅਰਦਾਸ ਕਰਨੀ ਜ਼ਰੂਰੀ ਹੈ।

3. **(ੳ) ਅਰਦਾਸ ਇਹ ਹੈ** -

ੴ ਵਾਹਿਗੁਰੂ ਜੀ ਕੀ ਫ਼ਤਹ॥

ਸ੍ਰੀ ਭਗੌਤੀ ਜੀ ਸਹਾਇ॥ ਵਾਰ ਸ੍ਰੀ ਭਗੌਤੀ ਜੀ ਕੀ ਪਾਤਸ਼ਾਹੀ ੧੦॥ ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਲਈ ਧਿਆਇ॥ ਫਿਰ ਅੰਗਦ ਗੁਰ ਤੇ ਅਮਰਦਾਸੁ ਰਾਮਦਾਸੈ ਹੋਈਂ ਸਹਾਇ॥ ਅਰਜਨ ਹਰਗੋਬਿੰਦ ਨੋ ਸਿਮਰੌ ਸ੍ਰੀ ਹਰਿਰਾਇ॥ ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੈ ਸਭਿ ਦੁਖ ਜਾਇ॥ ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ॥ ਸਭ ਥਾਈਂ ਹੋਇ ਸਹਾਇ॥ ਦਸਵਾਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ! ਸਭ ਥਾਈਂ ਹੋਇ ਸਹਾਇ॥ ਦਸਾਂ ਪਾਤਸ਼ਾਹੀਆਂ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ!

ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲ੍ਹੀਆਂ ਮੁਕਤਿਆਂ, ਹਠੀਆਂ, ਜਪੀਆਂ, ਤਪੀਆਂ, ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ, ਤੇਗ ਵਾਹੀ, ਦੇਖ ਕੇ ਅਣਡਿੱਠ ਕੀਤਾ, ਤਿਨ੍ਹਾਂ ਪਿਆਰਿਆਂ, ਸਚਿਆਰਿਆਂ ਦੀ ਕਮਾਈ ਦਾ ਧਿਆਨ ਧਰ ਕੇ, ਖ਼ਾਲਸਾ ਜੀ! ਬੋਲੋ ਜੀ ਵਾਹਿਗੁਰੂ!

ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੀਆਂ 'ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦਵਾਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਖ਼ਾਲਸਾ ਜੀ! ਬੋਲੋ ਜੀ ਵਾਹਿਗੁਰੂ!

ਪੰਜਾਂ ਤਖ਼ਤਾਂ, ਸਰਬੱਤ ਗੁਰਦੁਆਰਿਆਂ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ!

ਪ੍ਰਿਥਮੇ ਸਰਬੱਤ ਖ਼ਾਲਸਾ ਜੀ ਕੀ ਅਰਦਾਸ ਹੈ ਜੀ, ਸਰਬੱਤ ਖ਼ਾਲਸਾ ਜੀ ਕੋ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਚਿੱਤ ਆਵੇ, ਚਿੱਤ ਆਵਨ ਕਾ ਸਦਕਾ ਸਰਬ ਸੁਖ ਹੋਵੇ। ਜਹਾਂ ਜਹਾਂ ਖ਼ਾਲਸਾ ਜੀ ਸਾਹਿਬ, ਤਹਾਂ ਤਹਾਂ ਰਛਿਆ ਰਿਆਇਤ, ਦੇਗ ਤੇਗ ਫ਼ਤਹ, ਬਿਰਦ ਕੀ ਪੈਜ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ, ਖ਼ਾਲਸੇ ਜੀ ਕੇ ਬੋਲ ਬਾਲੇ, ਬੋਲੋ ਜੀ ਵਾਹਿਗੁਰੂ!

ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ, ਚੌਂਕੀਆਂ, ਝੰਡੇ, ਬੁੰਗੇ ਜੁਗੋ ਜੁਗ ਅਟੱਲ, ਧਰਮ ਦਾ ਜੈਕਾਰ, ਬੋਲੋ ਜੀ ਵਾਹਿਗੁਰੂ!!!

ਸਿੱਖਾਂ ਦਾ ਮਨ ਨੀਵਾਂ, ਮਤ ਉੱਚੀ, ਮਤ ਦਾ ਰਾਖਾ ਆਪਿ ਵਾਹਿਗੁਰੂ।

ਹੇ ਅਕਾਲ ਪੁਰਖ ਆਪਣੇ ਪੰਥ ਦੇ ਸਦਾ ਸਹਾਈ ਦਾਤਾਰ ਜੀਓ! ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਗੁਰਧਾਮਾਂ ਦੇ, ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁਲ੍ਹੇ ਦਰਸ਼ਨ ਦੀਦਾਰ ਤੇ ਸੇਵਾ ਸੰਭਾਲ ਦਾ ਦਾਨ ਖ਼ਾਲਸਾ ਜੀ ਨੂੰ ਬਖਸ਼ੋ।

ਹੇ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ, ਸੱਚੇ ਪਿਤਾ, ਵਾਹਿਗੁਰੂ! ਆਪ ਦੇ ਹਜ਼ੂਰ.... ਦੀ ਅਰਦਾਸ ਹੈ ਜੀ।

ਅੱਖਰ ਵਾਧਾ ਘਾਟਾ ਭੁੱਲ ਚੁੱਕ ਮਾਫ ਕਰਨੀ। ਸਰਬੱਤ ਦੇ ਕਾਰਜ ਰਾਸ ਕਰਨੇ।

ਸੇਈ ਪਿਆਰੇ ਮੇਲ, ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੇ। ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।

ਇਸ ਤੋਂ ਉਪਰੰਤ ਅਰਦਾਸ ਵਿਚ ਸ਼ਾਮਲ ਹੋਣ ਵਾਲੀ ਸਾਰੀ ਸੰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਦਬ ਨਾਲ ਮੱਥਾ ਟੇਕੇ ਅਤੇ ਫਿਰ ਖੜ੍ਹੇ ਹੋ ਕੇ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਹਿ' ਬੁਲਾਵੇ। ਉਪਰੰਤ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਗਜਾਇਆ ਜਾਵੇ।

(ਅ) ਅਰਦਾਸ ਹੋਣ ਸਮੇਂ ਸੰਗਤ 'ਚ ਹਾਜ਼ਰ ਸਾਰੇ ਇਸਤਰੀ ਪੁਰਸ਼ਾਂ ਨੂੰ ਹੱਥ ਜੋੜ ਕੇ ਖਲੋਣਾ ਚਾਹੀਦਾ ਹੈ। ਜੋ ਸੱਜਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤਾਬਿਆ ਬੈਠਾ ਹੋਵੇ, ਉਹ ਭੀ ਉੱਠ ਕੇ ਚੌਰ ਕਰੇ।

(ੲ) ਅਰਦਾਸ ਕਰਨ ਵਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ ਖੜ੍ਹੋ ਕੇ, ਹੱਥ ਜੋੜ ਕੇ ਅਰਦਾਸ ਕਰੇ। ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੌਜੂਦ ਨਾ ਹੋਣ ਤਾਂ ਕਿਸੇ ਪਾਸੇ ਮੂੰਹ ਕਰ ਕੇ ਅਰਦਾਸ ਕਰੋ, ਪ੍ਰਵਾਨ ਹੈ।

(ਸ) ਜਦੋਂ ਕੋਈ ਖਾਸ ਅਰਦਾਸ ਕਿਸੇ ਇਕ ਜਾਂ ਵਧੀਕ ਆਦਮੀਆਂ ਵੱਲੋਂ ਹੋਵੇ, ਤਾਂ ਉਹਨਾਂ ਤੋਂ ਬਿਨਾਂ ਸੰਗਤ ਵਿਚ ਬੈਠੇ ਹੋਰਨਾਂ ਦਾ ਉਠਣਾ ਜ਼ਰੂਰੀ ਨਹੀਂ।

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ...

# ਅੰਮ੍ਰਿਤਸਰ ਦੀ ਸੰਧੀ (25 ਅਪ੍ਰੈਲ 1809)

ਕਿਰਪਾਲ ਸਿੰਘ ਰਿਸਰਚ ਸਕਾਲਰ



ਨਿਪੋਲੀਅਨ ਦੇ ਭਾਰਤ ਪ੍ਰਤੀ ਇਰਾਦਿਆਂ ਨੂੰ ਵੀ ਦੇਖਦਿਆਂ ਲਾਰਡ ਮਿੰਟੋ ਨੇ ਪੈਂਤੜਾ ਬਦਲਦਿਆਂ ਪੰਜਾਬ ਤੋਂ ਇਲਾਵਾ ਪਰਸ਼ੀਆ, ਅਫਗਾਨਿਸਤਾਨ ਅਤੇ ਸਿੰਧ ਵੱਲੋਂ ਵੀ ਆਪਣੇ ਸਫੀਰ ਭੇਜ ਕੇ ਫਰਾਂਸੀਸੀ ਖ਼ਤਰੇ ਦੇ ਖਿਲਾਫ਼ ਉਨ੍ਹਾਂ ਦਾ ਮਿਲਵਰਤਨ ਲੈਣ ਦਾ ਹੀਲਾ ਕੀਤਾ ਪਰ ਇਹ ਮਿਲਵਰਤਨ, ਲੈਣ ਦਾ ਹੀਲਾ ਕੀਤਾ ਪਰ ਇਹ ਮਿਲਵਰਤਨ, ਉਹ ਵੀ ਲੋੜ ਪੈਣ ’ਤੇ, ਕੇਵਲ ਫ਼ੌਜੀ ਮਕਸਦ ਤੱਕ ਹੀ ਸੀਮਤ ਸੀ। ਲਾਹੌਰ ਦੇ ਰਾਜੇ (ਮਹਾਰਾਜਾ ਰਣਜੀਤ ਸਿੰਘ) ਦੀ ਸਤਲੁੱਜ ਦਰਿਆ ਤੋਂ ਪਾਰ ਅਤੇ ਅੰਗਰੇਜ਼ੀ ਸਾਮਰਾਜ ਦੀਆਂ ਕੰਧਾਂ (ਜਮਨਾ ਦਰਿਆ) ਤੱਕ ਸਿੱਧੀ ਪਹੁੰਚ, ਅੰਗਰੇਜ਼ਾਂ ਨੂੰ ਬਹੁਤ ਖ਼ਤਰਨਾਕ ਲੱਗਣ ਲੱਗੀ। ਲਾਰਡ ਮਿੰਟੋ ਦੇ ਅਜਿਹੇ ਵਿਚਾਰ 12 ਅਗਸਤ 1808 ਨੂੰ ਮੈਟਕਾਫ ਦੇ ਦਿੱਲੀ ਤੋਂ ਲਾਹੌਰ ਵੱਲ ਰਵਾਨਾ ਹੋਣ ਦੇ ਪਹਿਲਾਂ ਹੀ ਬਣੇ ਹੋਏ ਸਨ। ਇਸ ਕਰਕੇ ਮੈਟਕਾਫ ਦਾ ਮਹਾਰਾਜਾ ਰਣਜੀਤ ਸਿੰਘ ਨੂੰ ਨਿਪੋਲੀਅਨ ਦੇ ਖ਼ਤਰੇ ਤੋਂ ਜਾਣੂੰ ਕਰਵਾਉਣਾ ਅਤੇ ਉਸ ਦੇ ਮਿਲਵਰਤਨ ਵਾਸਤੇ ਮਿਲਣਾ, ਨਿਰਾ ਫਰੇਬ ਸੀ। ਗਵਰਨਰ ਜਨਰਲ ਲਾਰਡ ਮਿੰਟੋ ਵੱਲੋਂ ਨੌਜਵਾਨ ਫਰੇਬੀ ਸਫੀਰ ਮੈਟਕਾਫ ਵੱਲ ਜਾਰੀ ਕੀਤੇ ਇਕ ਲੰਮੇ ਯਾਦ-ਪੱਤਰ ਅਨੁਸਾਰ ਉਸ ਨੂੰ ਮਹਾਰਾਜਾ ਰਣਜੀਤ ਸਿੰਘ ਨਾਲ ਮਾਲਵਾ ਰਿਆਸਤਾਂ ਦੇ ਸਵਾਲ ’ਤੇ ਕੋਈ ਵੀ ਵਾਅਦਾ ਨਾ ਕਰਨ ਦੀ ਸਖ਼ਤ ਹਦਾਇਤ ਦਿੱਤੀ ਗਈ ਸੀ। ਇਸ ਤੋਂ ਬਾਅਦ ਮੈਟਕਾਫ ਦਾ ਕਸੂਰ ਪਹੁੰਚਣਾ, ਮਹਾਰਾਜੇ ਨੂੰ ਮਿਲਣਾ, ਆਪਣੇ ਆਉਣ ਦੇ ਮਕਸਦ ਬਾਬਤ ਗੱਲ ਕਰਨਾ, ਮਹਾਰਾਜੇ ਵੱਲੋਂ ਟਾਲਵੇਂ ਉੱਤਰ, ਰਣਜੀਤ ਸਿੰਘ ਦੀ ਫੌਜ ਦਾ ਅਚਾਨਕ ਕੂਚ, ਸਤਲੁੱਜ ਦੇ ਪਾਰ ਚੜ੍ਹਾਈ, ਅੰਬਾਲਾ, ਫਰੀਦਕੋਟ, ਮਲੇਰਕੋਟਲਾ ਅਤੇ ਥਾਨੇਸਰ ’ਤੇ ਕਬਜ਼ਾ, ਪਟਿਆਲੇ ਦੇ ਰਾਜੇ ਨਾਲ ਪੱਗ ਵਟਾਉਣੀ ਅਤੇ ਮੁੜ ਸਤਲੁੱਜ ਦਰਿਆ ਪਾਰ ਮੁਹਿੰਮ ਆਦਿ ਸਾਰੇ ਤੱਥ ਮੁੜ ਦੁਹਰਾਉਣ ਦੇ ਮੁਥਾਜ ਨਹੀਂ ਹਨ। ਮੈਟਕਾਫ ਨੂੰ ਮਹਾਰਾਜਾ ਦਾ ਇਹ ਵਰਤਾਓ ਬਹੁਤ ਅਜੀਬ ਲੱਗਾ ਕਿਉਂਕਿ ਮਹਾਰਾਜਾ ਰਣਜੀਤ ਸਿੰਘ ਨੇ ਉਸ ਦੀ ਮੌਜੂਦਗੀ ਵਿਚ ਹੀ ਫੂਲਕੀਆ ਰਿਆਸਤਾਂ ’ਤੇ ਤੀਜੀ ਵਾਰ ਚੜ੍ਹਾਈ ਕਰ ਦਿੱਤੀ ਸੀ। ਮੈਟਕਾਫ ਮੰਨਦਾ ਹੈ ਕਿ ਪਟਿਆਲੇ ਅਤੇ ਥਾਨੇਸਰ ਦੇ ਰਾਜਿਆਂ ਨੂੰ ਛੱਡ ਕੇ ਬਾਕੀ ਸਾਰੇ ਫੂਲਕੀਏ ਸਰਦਾਰਾਂ ਦੀ ਮਹਾਰਾਜੇ ਨੇ ਜ਼ਰਾ ਜਿੰਨੀ ਵੀ ਪਰਵਾਹ ਨਹੀਂ ਕੀਤੀ ਅਤੇ ਨਿਪੋਲੀਅਨ ਦਾ ਹਊਆ ਮਹਾਰਾਜਾ ਰਣਜੀਤ ਸਿੰਘ ਨੂੰ ਡਰਾ ਨਹੀਂ ਸਕਿਆ। ਇਸ ਕਰਕੇ ਮੈਟਕਾਫ ਜਦੋਂ ਨਿਪੋਲੀਅਨ ਦਾ ਰਾਗ ਅਲਾਪਦਾ ਉਦੋਂ ਮਹਾਰਾਜਾ ਇਹ ਹੀ ਦਲੀਲ ਦਿੰਦਾ ਕਿ ਅਗਰ ਨਿਪੋਲੀਅਨ ਖਿਲਾਫ ਰਲ ਕੇ ਲੜਨਾ ਹੈ ਤਾਂ ਅੰਗਰੇਜ਼ ਉਸ ਨੂੰ ਮਾਲਵੇ ’ਤੇ ਅਧਿਕਾਰ ਕਰਨ ਤੋਂ ਕਿਉਂ ਰੋਕਦੇ ਹਨ? ਇਸ ਤਰ੍ਹਾਂ ਇਸ ਤੋਂ ਇਹ ਗੱਲ ਜ਼ਾਹਰ ਹੁੰਦੀ ਹੈ ਕਿ ਮਹਾਰਾਜਾ ਸਤਲੁੱਜ ਪਾਰਲੇ ਫੂਲਕੀਆ ਇਲਾਕਿਆਂ ’ਤੇ ਖ਼ਾਲਸਾ ਰਾਜ ਕਾਇਮ ਕਰਨਾ ਚਾਹੁੰਦਾ ਸੀ। ਜਦੋਂ ਮਹਾਰਾਜੇ ਨੇ ਫੂਲਕੀਆ ਰਿਆਸਤਾਂ ’ਤੇ ਤੀਜੀ ਵਾਰ ਚੜ੍ਹਾਈ ਕੀਤੀ ਉਦੋਂ ਮੈਟਕਾਫ ਮੂਕ ਦਰਸ਼ਕ ਬਣ ਕੇ ਬੈਠਾ ਰਿਹਾ, ਕਿਉਂਕਿ ਉਹ ਕਲਕੱਤੇ ਵਿਚ ਆਪਣੇ ਈਸਟ ਇੰਡੀਆ ਕੰਪਨੀ ਦੇ ਉੱਚ ਅਧਿਕਾਰੀਆਂ ਤੋਂ ਕੋਈ ਦਿਸ਼ਾ ਨਿਰਦੇਸ਼ ਲੈ ਕੇ ਹੀ ਅਗਲਾ ਕਦਮ ਪੁੱਟਣਾ ਚਾਹੁੰਦਾ ਸੀ। ਉਸ ਵਕਤ ਈਸਟ ਇੰਡੀਆ ਕੰਪਨੀ ਯੂਰਪ ਵਿਚ ਨਿਪੋਲੀਅਨ ਨਾਲ ਸਬੰਧਿਤ ਵਾਪਰ ਰਹੀਆਂ ਘਟਨਾਵਾਂ ਉੱਤੇ ਕਰੜੀ ਨਜ਼ਰ ਰੱਖ ਰਹੀ ਸੀ ਅਤੇ ਉਹਨਾਂ ਹਾਲਤਾਂ ਨੂੰ ਵੇਖ ਕੇ ਹੀ ਉਹ ਭਾਰਤ ਵਿਚ ਕੋਈ ਅਗਲਾ ਕਦਮ ਚੁੱਕਣ ਦੇ ਹੱਕ ਵਿਚ ਸੀ। ਅਜਿਹੀ ਹਾਲਤ ਵਿਚ ਅੰਗਰੇਜ਼ ਫੂਲਕੀਆ ਰਿਆਸਤਾਂ ਦੇ ਮੁੱਦੇ ਉੱਤੇ ਮਹਾਰਾਜੇ ਨਾਲ ਕਿਸੇ ਕਿਸਮ ਦੇ ਫੌਜੀ ਟਕਰਾਅ ਦੇ ਹੱਕ ਵਿਚ ਨਹੀਂ ਸਨ। ਫਿਰ ਵੀ ਲਾਰਡ ਮਿੰਟੋ ਨੇ ਆਪਣੇ ਫੌਜੀ ਕਮਾਂਡਰ ਆਕਟਰਲੋਨੀ ਨੂੰ ਕਿਸੇ ਤਰ੍ਹਾਂ ਦੀ ਸੰਭਾਵੀ ਜੰਗ ਦੀਆਂ ਤਿਆਰੀਆਂ ਦੀ ਹਦਾਇਤ ਕੀਤੀ ਹੋਈ ਸੀ ਪਰ ਜਦੋਂ ਯੂਰਪ ਵਿਚ ਅਚਾਨਕ ਹਾਲਾਤ ਬਦਲਣ ਕਰਕੇ ਫਰਾਂਸ ਵੱਲੋਂ ਭਾਰਤ ਉੱਤੇ ਸੰਭਾਵੀ ਹਮਲੇ ਦਾ ਖ਼ਤਰਾ ਟਲ ਗਿਆ ਤਾਂ ਲਾਰਡ ਮਿੰਟੋ ਨੇ ਝਟਪਟ ਆਪਣਾ ਪੈਂਤੜਾ ਬਦਲਦਿਆਂ ਮੈਟਕਾਫ ਨੂੰ ਮਹਾਰਾਜੇ ਅੱਗੇ ਫੂਲਕੀਆ ਰਿਆਸਤਾਂ ਪ੍ਰਤੀ ਸਖ਼ਤ ਰਵੱਈਆ ਧਾਰਣ ਕਰਨ ਦੀ ਹਦਾਇਤ ਭੇਜੀ। ਇਸ ਤਰ੍ਹਾਂ ਮੈਟਕਾਫ ਨੇ ਮਹਾਰਾਜੇ ਨੂੰ ਆਪਣੇ ਰਾਜ ਦੀ ਪੂਰਬੀ ਹੱਦ

ਸਤਲੁੱਜ ਦਰਿਆ ਮੰਨਣ ਲਈ ਦਬਾਅ ਪਾਇਆ ਪਰ ਮਹਾਰਾਜਾ ਫੂਲਕੀਆ ਰਿਆਸਤਾਂ ਉੱਤੇ ਆਪਣਾ ਹੱਕ ਜਿਤਾਉਂਦਾ ਸੀ। ਇਧਰ ਲਾਰਡ ਮਿੰਟੋ ਨੇ ਮਹਾਰਾਜੇ ਨਾਲ ਕਿਸੇ ਸੰਭਾਵੀ ਜੰਗ ਦੀ ਸੂਰਤ ਵਿਚ, ਲੁਧਿਆਣੇ ਪੱਕੀ ਫ਼ੌਜੀ ਛਾਉਣੀ ਤਿਆਰ ਕਰਨ ਦਾ ਹੁਕਮ ਕਰ ਦਿੱਤਾ। ਅੰਗਰੇਜ਼ਾਂ ਵੱਲੋਂ ਪੰਜਾਬ ਦੀ ਧਰਤੀ ਉਤੇ ਇਹ ਪਹਿਲਾ ਫ਼ੌਜੀ ਅੱਡਾ ਸੀ।

ਅਜੇ ਤੱਕ ਮਹਾਰਾਜਾ ਮੈਟਕਾਫ ਦੀਆਂ ਗੱਲਾਂ ਦਾ ਟਾਲਵਾਂ ਉੱਤਰ ਹੀ ਦਿੰਦਾ ਆ ਰਿਹਾ ਸੀ ਜਿਸ ਤੋਂ ਮੈਟਕਾਫ ਕਾਫੀ ਔਖਾ ਸੀ ਅਤੇ ਉਸ ਨੇ ਇਸ ਦਾ ਵਿਰੋਧ ਵੀ ਪ੍ਰਗਟ ਕੀਤਾ। ਦੋਹਾਂ ਦਰਮਿਆਨ ਇਕ ਜਾਂ ਦੋ ਗੱਲਾਬਾਤਾਂ ਦਾ ਦੌਰ ਚਲਿਆ ਪਰ ਨਤੀਜਾ ਕੋਈ ਨਾ ਨਿਕਲਿਆ। ਜਦੋਂ ਮਹਾਰਾਜੇ ਨੂੰ ਅੰਗਰੇਜ਼ੀ ਫ਼ੌਜਾਂ ਦੀ ਹਿਲਜੁਲ ਦਾ ਪਤਾ ਲੱਗਾ ਤਾਂ ਉਸ ਨੇ ਵੀ ਅੰਮ੍ਰਿਤਸਰ ਵਿਖੇ ਵੱਡੇ ਪੱਧਰ 'ਤੇ ਜੰਗੀ ਤਿਆਰੀਆਂ ਦੇ ਹੁਕਮ ਦੇ ਦਿੱਤੇ। ਇਧਰ ਕਰਨਲ ਆਕਟਰਲੋਨੀ ਨੇ ਵੀ ਸਤਲੁੱਜ ਦਰਿਆ ਦੇ ਪਾਰ ਭਾਰੀ ਫੌਜ ਨਾਲ ਮੋਰਚੇ ਲਾਏ ਹੋਏ ਸਨ। 31 ਦਸੰਬਰ 1808 ਨੂੰ ਮੈਟਕਾਫ ਨੇ ਲਾਹੌਰ ਤੋਂ ਗਵਰਨਰ ਜਨਰਲ ਨੂੰ ਇਹ ਵੀ ਲਿਖ ਭੇਜਿਆ ਕਿ ਮਹਾਰਾਜਾ ਗੱਲਬਾਤ ਲਈ ਸੰਜੀਦਾ ਨਹੀਂ, ਇਸ ਕਰਕੇ ਦੋਹਾਂ ਧਿਰਾਂ ਦਰਮਿਆਨ ਫ਼ੌਜੀ ਟਕਰਾ ਦੀਆਂ ਸੰਭਾਵਨਾਵਾਂ ਵੱਧ ਗਈਆਂ ਸਨ। ਜਦੋਂ ਮੈਟਕਾਫ ਨੇ ਮਹਾਰਾਜੇ ਨੂੰ ਅੰਗਰੇਜ਼ੀ ਫੌਜਾਂ ਵੱਲੋਂ ਅੱਗੇ ਵੱਧ ਕੇ ਮੋਰਚੇ ਲਾਉਣ ਬਾਬਤ ਦੱਸਿਆ ਤਾਂ ਮਹਾਰਾਜੇ ਨੂੰ ਇਸ ਗੱਲ ਦਾ ਬਹੁਤ ਗੁੱਸਾ ਲੱਗਾ। ਇਕ ਵਾਰ ਤਾਂ ਮੈਟਕਾਫ ਗੱਲਬਾਤ ਵਿਚੇ ਹੀ ਛੱਡ ਕੇ ਵਾਪਸ ਪਰਤਣ ਵਾਸਤੇ ਵੀ ਤਿਆਰ ਹੋ ਗਿਆ ਸੀ। 6 ਜਨਵਰੀ 1809 ਨੂੰ ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਇਕ ਸਰਦਾਰ ਨੂੰ ਅੰਬਾਲੇ ਤੋਂ ਫੌਜਾਂ ਵਾਪਸ ਬੁਲਾਉਣ ਵਾਸਤੇ ਭੇਜਿਆ ਤਾਂ ਕਿ ਆਕਟਰਲੋਨੀ ਨਾਲ ਟੱਕਰ ਨਾ ਹੋਵੇ, ਤਾਂ ਉਦੋਂ ਗੱਲਬਾਤ ਦੇ ਮਾਹੌਲ ਵਿਚ ਸੰਜੀਦਗੀ ਦਿੱਸੀ। ਆਕਟਰਲੋਨੀ ਫਰਵਰੀ 1809 ਦੇ ਸ਼ੁਰੂ ਵਿਚ ਹੀ ਲੁਧਿਆਣੇ ਪਹੁੰਚ ਚੁੱਕਾ ਸੀ ਅਤੇ ਉਸ ਨੇ 9 ਫਰਵਰੀ ਨੂੰ ਸਤਲੁਜ ਪਾਰ ਦੇ ਇਲਾਕਿਆਂ, ਜਿਨ੍ਹਾਂ ਉਤੇ ਮਹਾਰਾਜਾ ਰਣਜੀਤ ਸਿੰਘ ਨੇ ਹਮਲੇ ਕੀਤੇ ਸਨ, ਨੂੰ ਅੰਗਰੇਜ਼ੀ ਹਕੂਮਤ ਤਹਿਤ ਹੋਣ ਦਾ ਬਾਕਾਇਦਾ ਐਲਾਨ ਕਰ ਦਿੱਤਾ ਸੀ। ਮਹਾਰਾਜੇ ਨੇ ਖੁਦ ਹੀ ਉਨ੍ਹਾਂ ਇਲਾਕਿਆਂ ਵਿਚੋਂ ਆਪਣੀਆਂ ਫੌਜਾਂ ਵਾਪਸ ਮੰਗਵਾਉਣ ਦਾ ਕੰਮ ਸ਼ੁਰੂ ਕਰ ਦਿੱਤਾ। ਅਖੀਰ 25 ਅਪ੍ਰੈਲ, 1809 ਨੂੰ ਮਹਾਰਾਜਾ ਰਣਜੀਤ ਸਿੰਘ ਅਤੇ ਅੰਗਰੇਜ਼ਾਂ ਦਰਮਿਆਨ 'ਦੋਸਤੀ' ਦਾ ਅਹਿਦਨਾਮਾ ਹੋਇਆ ਜਿਸ ਨੂੰ 'ਅੰਮ੍ਰਿਤਸਰ ਦੀ ਸੰਧੀ' ਵੀ ਕਿਹਾ ਜਾਂਦਾ ਹੈ। ਜਿਸ ਦੀਆਂ ਚਾਰ ਧਾਰਾਵਾਂ ਸਨ। ਪਹਿਲੀ ਧਾਰਾ ਅਨੁਸਾਰ ਦੋਹਾਂ ਧਿਰਾਂ ਨੇ ਆਪਸ ਵਿਚ ਮਿੱਤਰਤਾ ਵਾਲੇ ਸਬੰਧ ਕਾਇਮ ਰੱਖਣੇ ਮੰਨੇ ਅਤੇ ਅੰਗਰੇਜ਼ਾਂ ਨੇ ਮਹਾਰਾਜੇ ਨਾਲ ਸਭ ਤੋਂ ਵੱਧ ਰਿਆਇਤ ਵਾਲਾ ਵਰਤਾਉ ਕਰਨ ਦੀ ਜ਼ਿੰਮੇਵਾਰੀ ਵੀ ਲਈ। ਇਸੇ ਧਾਰਾ ਅਨੁਸਾਰ ਅੰਗਰੇਜ਼ਾਂ ਨੇ ਇਸ ਗੱਲ ਦਾ ਭਰੋਸਾ ਵੀ ਦਿੱਤਾ ਕਿ ਉਹ ਮਹਾਰਾਜੇ ਦੇ ਕਬਜ਼ੇ ਵਾਲੇ ਸਤਲੁੱਜ ਦਰਿਆ ਤੋਂ ਉੱਤਰ ਦੇ ਇਲਾਕੇ ਅਤੇ ਲੋਕਾਂ ਨਾਲ ਕਿਸੇ ਕਿਸਮ ਦਾ ਕੋਈ ਵਾਸਤਾ ਨਹੀਂ ਰੱਖਣਗੇ। ਦੂਜੀ ਧਾਰਾ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਸਤਲੁੱਜ ਦਰਿਆ ਦੇ ਕੰਢੇ ਉਤੇ ਉਤਨੀ ਹੀ ਫੌਜ ਤੈਨਾਤ ਕਰੇਗਾ ਜਿਤਨੀ ਉਸ ਇਲਾਕੇ ਵਿਚ ਅਮਨ ਸ਼ਾਂਤੀ ਕਾਇਮ ਰੱਖਣ ਅਤੇ ਭੂਮੀ ਕਰ ਉਗਰਾਹੁਣ ਲਈ ਜ਼ਰੂਰੀ ਹੋਵੇਗੀ। ਤੀਜੀ ਧਾਰਾ ਵਿਚ ਦਰਜ ਕੀਤਾ ਗਿਆ ਕਿ ਉਤਲੀਆਂ ਦੋ ਧਾਰਾਵਾਂ ਭੰਗਹੋਣ ਦੀ ਸੂਰਤ ਵਿਚ ਇਹ ਅਹਿਦਨਾਮਾ ਰੱਦ ਸਮਝਿਆ ਜਾਵੇਗਾ।

ਚੌਥੀ ਧਾਰਾ ਵਿਚ ਸਿਰਫ਼ ਇਸ ਗੱਲ ਦਾ ਹੀ ਵਰਨਣ ਸੀ ਕਿ ਇਸ ਅਹਿਦਨਾਮੇ ਉਤੇ ਅੰਮ੍ਰਿਤਸਰ ਵਿਖੇ ਦਸਤਖਤ ਹੋਏ ਅਤੇ ਦਸਤਖਤ ਕਰਨ ਵਾਲਿਆਂ ਦੇ ਨਾਮ ਦਰਜ ਕੀਤੇ ਹੋਏ ਸਨ।


# ਅਪੀਲ

**ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ।**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030**

**ਫੋਨ ਨੰ.-0172-2657340, E-mail : lobanafoundation@gmail.com**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

(ਇਸ ਲੇਖ ਦਾ ਪਹਿਲਾ ਅੱਧਾ ਭਾਗ ਜਨਵਰੀ ਮਹੀਨੇ ਦੀ ਮੈਗਜ਼ੀਨ ਵਿਚ ਛਾਪਿਆ ਗਿਆ ਸੀ)

# ਭਾਰਤ ਵਿੱਚ ਸੌਰ ਊਰਜਾ ਕ੍ਰਾਂਤੀ ਦਾ ਆਧੁਨਿਕੀਕਰਨ

## ਬਿਜਲੀ ਊਰਜਾ ਨਾਲ ਸੰਬੰਧਿਤ ਸਮੱਸਿਆਵਾਂ ਅਤੇ ਨਵੀਆਂ ਯੋਜਨਾਵਾਂ

ਪੇਂਡੂ ਖੇਤਰ ਵਿੱਚ ਬਿਜਲੀ ਊਰਜਾ ਨਾਲ ਸੰਬੰਧਿਤ ਕਾਫੀ ਮੁਸ਼ਕਲਾਂ ਹਨ, ਜੋ ਕਿ ਦੇਸ਼ ਦੇ ਵਿਕਾਸ ਵਿੱਚ ਔਕੜਾਂ ਪੈਦਾ ਕਰਦੀਆਂ ਹਨ। 2004 ਤੱਕ ਦੇਸ਼ ਦੇ ਅੱਸੀ ਹਜ਼ਾਰ ਪਿੰਡਾਂ ਵਿੱਚ ਬਿਜਲੀ ਨਹੀਂ ਸੀ, ਇਹਨਾਂ ਵਿੱਚੋਂ ਅਠਾਰਾਂ ਹਜ਼ਾਰ ਪਿੰਡ ਅਜਿਹੇ ਸਨ ਜਿੱਥੇ ਕਿ ਬਿਜਲੀ ਦੀਆਂ ਤਾਰਾਂ ਅਤੇ ਖੰਬੇ ਲਿਜਾਣੇ ਵੀ ਬਹੁਤ ਔਖੇ ਸਨ। ਪੰਜ ਸਾਲਾ ਯੋਜਨਾ ਅਧੀਨ ਅਜਿਹੇ 5000 ਪਿੰਡਾਂ ਨੂੰ ਬਿਜਲੀ ਨਾਲ ਜੋੜਿਆ ਗਿਆ। ਤਕਰੀਬਨ 2700 ਪਿੰਡਾਂ ਨੂੰ ਸੌਰ ਊਰਜਾ ਸਿਸਟਮ ਰਾਹੀਂ ਬਿਜਲੀ ਦਿੱਤੀ ਗਈ ਹੈ। ਸੌਰ ਬਿਜਲ-ਸ਼ਕਤੀ ਸਸਤੀ ਅਤੇ ਕਫਾਇਤੀ ਹੈ।ਅਜਿਹੇ ਸੌਰ ਬਿਜਲੀ ਢਾਂਚੇ ਵਿੱਚ ਲੋਕਲ ਗਰਿੱਡ ਕਲਸਟੱਰ ਬਣਾਏ ਜਾਂਦੇ ਹਨ ਅਤੇ ਬਿਜਲੀ ਨੂੰ ਪਿੰਡਾਂ ਤੱਕ ਭੇਜਿਆ ਜਾਂਦਾ ਹੈ। ਰਾਜਸਥਾਨ ਦੇ 90 ਪਿੰਡਾਂ ਨੂੰ ਇਸੇ ਸਿਸਟਮ ਨਾਲ ਜੋੜਿਆ ਗਿਆ ਹੈ। 2012 ਤੱਕ ਦੇਸ਼ ਵਿੱਚ 46 ਲੱਖ ਸੌਰ ਲੈਂਪ ਅਤੇ 8 ਲੱਖ ਸੌਰ ਸਟਰੀਟ ਲਾਈਟਾਂ ਪਿੰਡਾਂ ਦੇ ਲੋਕਾਂ ਨੂੰ ਮੁਹੱਈਆ ਕਰਵਾਈਆਂ ਗਈਆਂ ਹਨ। ਘਰਾਂ ਵਿੱਚ ਅੱਧਾ ਕਿਲੋਵਾਟ ਦੇ ਲੋਡ ਲਈ 30-40% ਤੱਕ ਸਬਸਿਡੀ ਵੀ ਮਿਲ ਰਹੀ ਹੈ।2022 ਤੱਕ ਤਕਰੀਬਨ ਦੋ ਸੌ ਲੱਖ ਸੌਰ ਲੈਂਪ ਲੋਕਾਂ ਤੱਕ ਪੁੱਜਣਗੇ। ਸੌਰ ਸ਼ਕਤੀ ਨਾਲ ਚੱਲਣ ਵਾਲੇ ਟਿਊਬਵੈੱਲ ਪੰਪ ਸਿੰਜਾਈ ਅਤੇ ਪਾਣੀ ਪੀਣ ਲਈ ਵੀ ਵਰਤੇ ਜਾ ਰਹੇ ਹਨ। 2 ਤੋਂ 3 ਕਿਲੋਵਾਟ ਸ਼ਕਤੀ ਵਾਲੇ ਟਿਊਬਵੈੱਲ, 1800 ਵਾਟ ਵਾਲੇ ਸੌਰ ਸੈੱਲ ਪੈਨਲ ਨਾਲ ਜੁੜੇ ਹੁੰਦੇ ਹਨ ਅਤੇ ਤਕਰੀਬਨ 33 ਫੁੱਟ ਦੀ ਡੂੰਘਾਈ ਤੋਂ ਪਾਣੀ ਚੁੱਕ ਸਕਦੇ ਹਨ। 2012 ਤੱਕ ਦੇਸ਼ ਵਿੱਚ ਚੌਦਾਂ ਹਜ਼ਾਰ ਦੇ ਕਰੀਬ ਸੌਰ ਊਰਜਾ ਨਾਲ ਚੱਲਣ ਵਾਲੇ ਪਾਣੀ ਦੇ ਪੰਪ ਲਗਾਏ ਜਾ ਚੁੱਕੇ ਹਨ।ਵੱਡੇ-ਵੱਡੇ ਸੌਰ ਪੈਨਲਾਂ ਉੱਪਰ ਬਾਰਿਸ਼ ਦੇ ਦਿਨਾਂ ਵਿੱਚ ਪੈਣ ਵਾਲੇ ਪਾਣੀ ਨੂੰ ਇਕੱਠਾ ਕਰਕੇ ਪੀਣ ਯੋਗ ਵੀ ਬਣਾਇਆ ਜਾਂਦਾ ਹੈ ਅਤੇ ਕੰਪਨੀਆਂ ਵੱਲੋਂ ਬੋਤਲਾਂ ਵਿੱਚ ਪੈਕ ਕਰਕੇ ਮਾਰਕੀਟ ਵਿੱਚ ਵੀ ਭੇਜਿਆ ਜਾਂਦਾ ਹੈ।

**ਸੌਰ ਊਰਜਾ ਨਾਲ ਸੰਬੰਧਿਤ ਮੁੱਖ ਚਣੌਤੀਆਂ** - ਸੌਰ ਊਰਜਾ ਪਲਾਂਟ ਲਗਾਉਣ ਲਈ ਵੱਡੀ ਚਣੌਤੀ ਜਗ੍ਹਾ ਦੀ ਹੁੰਦੀ ਹੈ। ਪਰ ਜਗ੍ਹਾ ਦੇ ਹੋਰ ਵਸੀਲੇ ਵੀ ਤਿਆਰ ਕੀਤੇ ਜਾ ਸਕਦੇ ਹਨ। 40-60 ਮੈਗਾਵਾਟ ਸ਼ਕਤੀ ਦਾ ਸੌਰ ਸੈੱਲ ਪਲਾਂਟ ਲਗਾਉਣ ਲਈ 250 ਏਕੜ ਜ਼ਮੀਨ ਦੀ ਵਰਤੋਂ ਹੁੰਦੀ ਹੈ। ਇਸ ਤਰ੍ਹਾਂ ਵਾਹੀਯੋਗ ਅਤੇ ਉਪਜਾਊ ਜ਼ਮੀਨ ਵੀ ਖਰਾਬ ਹੀ ਜਾਂਦੀ ਹੈ, ਕਿਉਂਕਿ ਸੌਰ ਪਲਾਂਟ ਵਾਲੀ ਜ਼ਮੀਨ ਵਿੱਚ ਸਿੰਜਾਈ ਨਹੀਂ ਜੋ ਸਕਦੀ। ਸੋ ਲੋੜ ਹੈ ਕਿ ਅਜਿਹੇ ਸੌਰ ਸੈੱਲ ਪੈਨਲ ਨਦੀਆਂ, ਦਰਿਆਵਾਂ, ਨਹਿਰਾਂ, ਤਾਲਾਬਾਂ ਦੇ ਕੰਢਿਆਂ ਅਤੇ ਰੇਤਲੇ ਖੇਤਰਾਂ ਆਦਿ ਵਿੱਚ ਹੀ ਲਗਾਏ ਜਾਣ। ਇਸ ਤੋਂ ਇਲਾਵਾ ਸੜਕਾਂ ਦੇ ਸਿਰਿਆਂ ਅਤੇ ਰੇਲਵੇ ਟਰੈਕਾਂ ਉੱਪਰ 10-12 ਮੀਟਰ ਦੀ ਉਚਾਈ ਤੇ ਸੌਰ ਪੈਨਲ ਸੂਰਜ ਦੀ ਦਿਸ਼ਾ ਵੱਲ ਲਗਾਏ ਜਾ ਸਕਦੇ ਹਨ। ਸਵੈਚੱਲਿਤ ਪ੍ਰਣਾਲੀ ਵਾਲੇ ਸੌਰ ਪੈਨਲ ਵੀ ਲਗਾਏ ਜਾ ਸਕਦੇ ਹਨ, ਜੋ ਕਿ ਸੂਰਜ ਦੀ ਦਿਸ਼ਾ ਮੁਤਾਬਿਕ ਘੁੰਮਦੇ ਹਨ। ਘਰਾਂ ਦੀਆਂ ਛੱਤਾਂ ਤੇ ਡਿਸ਼ ਐਂਟੀਨੇ ਦੇ ਆਕਾਰ ਦੇ ਸੌਰ ਊਰਜਾ ਪੈਨਲ ਵੀ ਫਿੱਟ ਕੀਤੇ ਜਾ ਸਕਦੇ ਹਨ, ਜੋ ਕਿ ਘਰ ਦੀਆਂ ਬਿਜਲੀ ਜ਼ਰੂਰਤਾਂ ਵੀ ਪੂਰੀਆਂ ਕਰ ਸਕਦੇ ਹਨ। ਇਸ ਨਾਲ ਸੈੱਲਾਂ ਦੀ ਸਾਂਭ-ਸੰਭਾਲ ਦਾ ਖਰਚਾ ਵੀ ਘਟੇਗਾ। ਸੰਨ 2024 ਤੱਕ 100 ਗੀਗਾਵਾਟ ਸੌਰ ਬਿਜਲੀ ਸ਼ਕਤੀ ਘਰਾਂ ਦੀਆਂ ਛੱਤਾਂ ਤੇ ਲੱਗਣ ਵਾਲੇ ਸੌਰ ਪੈਨਲਾਂ ਰਾਹੀਂ ਹੀ ਉਪਲਬਧ ਹੋਣ ਦੀ ਸੰਭਾਵਨਾ ਹੈ। ਸਮੁੰਦਰ ਵਿੱਚ ਵੀ ਅਜਿਹੇ ਸੌਰ ਊਰਜਾ ਪਲਾਂਟ ਲੱਗ ਸਕਦੇ ਹਨ। ਸਮੁੰਦਰੀ ਲਹਿਰਾਂ ਦਾ ਪਾਣੀ ਸੌਰ ਪੈਨਲਾਂ ਨੂੰ ਸਾਫ ਵੀ ਕਰਦਾ ਹੈ ਅਤੇ ਸੈੱਲਾਂ ਦੀ ਕੁਸ਼ਲਤਾ ਵੀ ਵਧਦੀ ਹੈ।ਭਾਰਤ ਵਿੱਚ ਸੌਰ ਊਰਜਾ ਰੇਡੀਏਸ਼ਨ ਸ੍ਰੋਤ ਨਿਰਧਾਰਨ ਵਾਸਤੇ 51 ਸਟੇਸ਼ਨ ਕੇਂਦਰ ਸਰਕਾਰ ਦੇ ਨਵਿਆਉਣਯੋਗ ਊਰਜਾ ਮੰਤਰਾਲੇ ਦੇ ਸਹਿਯੋਗ ਨਾਲ ਲਗਾਏ ਗਏ ਹਨ। ਇਹਨਾਂ ਸਟੇਸ਼ਨਾਂ ਦੀ ਮੱਦਦ ਨਾਲ ਸਾਰੇ ਦੇਸ਼ ਦਾ ਸੌਰ ਊਰਜਾ ਡਾਟਾ ਇਕੱਠਾ ਕੀਤਾ ਜਾ ਰਿਹਾ ਹੈ। ਇਹ ਡਾਟਾ ਪੌਣ ਊਰਜਾ ਤਕਨਾਲੋਜੀ ਕੇਂਦਰ ਵਿੱਚ ਜਾ ਰਿਹਾ ਹੈ, ਜੋ ਕਿ ਦੇਸ਼ ਦੀ ਸੌਰ ਊਰਜਾ ਐਟਲਸ ਬਣਾਉਣ ਵਿੱਚ ਲਾਹੇਵੰਦ ਹੋਵੇਗਾ। ਇਹ ਐਟਲਸ ਵੀ ਬਣ ਕੇ ਤਿਆਰ ਹੋ ਰਹੀ ਹੈ। ਇਸ ਐਟਲਸ ਰਾਹੀਂ ਇਹ ਪਤਾ ਲੱਗੇਗਾ ਕਿ ਭਾਰਤ ਦੇ ਕਿਸ ਇਲਾਕੇ ਵਿੱਚ ਸੂਰਜ ਦੀ ਕਿੰਨੀ ਰੇਡੀਏਸ਼ਨ (ਸੂਰਜੀ ਚਮਕ ਦੀ ਸ਼ਕਤੀ) ਪਹੁੰਚ ਰਹੀ ਹੈ।

**ਸੌਰ ਪ੍ਰੋਜੈਕਟਾਂ ਨਾਲ ਸਬੰਧਿਤ ਸਮੱਸਿਆਵਾਂ ਅਤੇ ਹੱਲ** - ਸਾਡੇ ਦੇਸ਼ ਵਿੱਚ ਸੌਰ ਸ਼ਕਤੀ ਪ੍ਰੋਜੈਕਟਾਂ ਨਾਲ ਸਬੰਧਿਤ ਕਈ ਸਮੱਸਿਆਵਾਂ ਵੀ ਜੁੜੀਆਂ ਹੋਈਆਂ ਹਨ, ਜਿਨ੍ਹਾਂ ਵਿੱਚੋਂ ਸੌਰ ਸੈਲਾਂ ਦੀ ਲਾਗਤ/ਕੀਮਤ ਪ੍ਰਮੁੱਖ ਹੈ।

(1) ਸਿਲੀਕਾਨ ਅਤੇ ਜਰਮੇਨੀਅਮ ਤੋਂ ਤਿਆਰ ਸੈੱਲ ਪੈਨਲਾਂ ਦੀ ਕੀਮਤ ਕਾਫੀ ਜ਼ਿਆਦਾ ਹੈ। 1977 ਵਿੱਚ ਅਜਿਹੇ ਸੂਰਜੀ ਸੈੱਲਾਂ ਦੀ ਕੀਮਤ 76 ਅਮਰੀਕਨ ਡਾਲਰ ਪ੍ਰਤੀ ਵਾਟ ਸੀ, ਜੋ ਕਿ 2015 ਵਿੱਚ ਘੱਟ ਕੇ 0.30 ਡਾਲਰ ਪ੍ਰਤੀ ਵਾਟ ਰਹਿ ਗਈ ਹੈ। ਇੱਕ ਸੌਰ ਸੈੱਲ ਵੱਧ ਤੋਂ ਵੱਧ 0.5-0.6 ਵੋਲਟ ਤੱਕ ਦੀ ਸ਼ਕਤੀ ਦੇ ਸਕਦਾ ਹੈ। ਅਜੇ ਤੱਕ

40% ਸੌਰ ਰੇਡੀਏਸ਼ਨ ਹੀ ਬਿਜਲੀ ਊਰਜਾ ਵਿੱਚ ਬਦਲੀ ਜਾ ਰਹੀ ਹੈ, ਬਾਕੀ ਦੀ 60% ਸੌਰ ਊਰਜਾ ਤਾਪ ਊਰਜਾ ਦੇ ਰੂਪ ਵਿੱਚ ਹੀ ਖਰਾਬ ਹੋ ਜਾਂਦੀ ਹੈ। ਸਰਕਾਰ ਨੇ ਵਿਸ਼ਵ ਪੱਧਰ ਦੀਆਂ ਯੂਨੀਵਰਸਿਟੀਆਂ ਨਾਲ ਸਮਝੌਤੇ ਵੀ ਕੀਤੇ ਹਨ ਤਾਂ ਕਿ ਵਧੀਆ ਕੁਸ਼ਲ ਸੌਰ ਸੈੱਲਾਂ ਦਾ ਡਿਜ਼ਾਈਨ ਤਿਆਰ ਹੋ ਸਕੇ ਅਤੇ ਸੈੱਲਾਂ ਵਿੱਚ ਹੋਣ ਵਾਲੇ ਤਾਪ ਊਰਜਾ ਨੁਕਸਾਨ ਨੂੰ ਵੀ ਘੱਟ ਕੀਤਾ ਜਾ ਸਕੇ।

(2) ਸੌਰ ਊਰਜਾ ਪ੍ਰੋਜੈਕਟਾਂ ਲਈ ਸਮਤਲ ਭੂਮੀ ਦੀ ਵੀ ਕਾਫੀ ਘਾਟ ਹੈ। ਜ਼ਿਆਦਾਤਾਰ ਸਮਤਲ ਭੂਮੀ ਉਪਜਾਊ ਹੈ। ਕਿਸਾਨ ਖੇਤੀ ਕਰਕੇ ਆਪਣਾ ਪੇਟ ਵੀ ਪਾਲਦਾ ਹੈ। ਅਜਿਹੀ ਉਪਜਾਊ ਭੂਮੀ ਦਾ ਮਿਲਣਾ ਮੁਸ਼ਕਲ ਹੈ। ਇਸ ਲਈ ਹੋਰ ਵਿਕਲਪ ਦੇਖੇ ਜਾਣ ਦੀ ਵੀ ਜ਼ਰੂਰਤ ਹੈ।

(3) ਨੈਸ਼ਨਲ ਸੌਰ ਊਰਜਾ ਮਿਸ਼ਨ ਅਧੀਨ ਸਰਕਾਰੀ ਫੰਡਾਂ ਦੀ ਅਜੇ ਬਹੁਤ ਘਾਟ ਹੈ ਜੋ ਕਿ ਪੂਰੀ ਹੋਣੀ ਚਾਹੀਦੀ ਹੈ।

(4) ਅਧਿਕਤਮ ਤੌਰ ਤੇ ਸੌਰ ਸੈੱਲ ਪੈਨਲ ਬਾਹਰਲੇ ਦੇਸ਼ਾਂ ਤੋਂ ਹੀ ਮੰਗਵਾਏ ਜਾ ਰਹੇ ਹਨ। ਮੰਗਵਾਉਣ ਵਾਲੇ ਪ੍ਰਾਈਵੇਟ ਡੀਲਰ ਨੇ ਆਪਣਾ ਵੀ ਮੁਨਾਫਾ ਲੈਣਾ ਹੁੰਦਾ ਹੈ, ਇਸ ਕਰਕੇ ਕੁੱਲ ਲਾਗਤ ਕੀਮਤ ਕਾਫੀ ਵੱਧ ਜਾਂਦੀ ਹੈ। ਯੂਰਪ ਅਤੇ ਅਮਰੀਕਾ ਸੌਰ ਸੈੱਲ ਪੈਨਲਾਂ ਦੇ ਵੱਡੇ ਨਿਰਯਾਤਕ ਹਨ। ਲੋੜ ਹੈ ਕਿ ਭਾਰਤ ਅਜਿਹੀਆਂ ਸੋਲਰ ਯੂਨਿਟਾਂ ਖੁਦ ਤਿਆਰ ਕਰੇ।

(5) ਰਾਜ ਸਰਕਾਰਾਂ, ਖੋਜੀ ਯੂਨੀਵਰਸਿਟੀਆਂ ਅਤੇ ਇੰਡਸਟਰੀ ਵਿੱਚ ਆਪਸੀ ਤਾਲਮੇਲ ਦੀ ਵੀ ਬਹੁਤ ਘਾਟ ਹੈ। ਨਵੀਆਂ ਸੂਖਮ ਤਕਨੀਕਾਂ ਤੋਂ ਅਣਜਾਣਤਾ, ਰਿਸਰਚ ਅਤੇ ਡਿਪੈਲਪਮੈਂਟ ਵਿਭਾਗ ਲਈ ਪੈਸੇ ਦੀ ਘਾਟ ਆਦਿ ਵੀ ਪ੍ਰਮੁੱਖ ਸਮੱਸਿਆਵਾਂ ਹਨ। ਚੀਨ, ਜਾਪਾਨ ਅਤੇ ਕੋਰੀਆ ਵਾਂਗ ਭਾਰਤ ਵਿੱਚ ਵੀ ਛੋਟੀ ਸੱਨਅਤ ਨੂੰ ਹੁੰਗਾਰਾ ਦਿੱਤਾ ਜਾਣਾ ਚਾਹੀਦਾ ਹੈ।

(6) ਦੇਸ਼ ਵਿੱਚ ਵਧੀਆ ਸੋਲਰ ਫੋਟੋਵੋਲਟਿਕ ਢਾਂਚੇ (ਸੋਲਰ ਫੈਬਰੀਕੇਸ਼ਨ ਯੂਨਿਟਾਂ) ਦੀ ਘਾਟ ਹੈ। ਹੁਣ ਲੋੜ ਹੈ ਪਿੰਡ-ਪਿੰਡ ਵਿੱਚ ਸੌਰ ਊਰਜਾ ਨਾਲ ਸੰਬੰਧਿਤ ਜਾਣਕਾਰੀ ਮੁਹੱਈਆ ਕਰਵਾਈ ਜਾਵੇ। ਪਿੰਡਾਂ ਦੇ ਪੜ੍ਹੇ-ਲਿਖੇ ਅਤੇ ਬੇਰੁਜ਼ਗਾਰ ਨੌਜਵਾਨਾਂ ਨੂੰ ਸੂਰਜੀ ਊਰਜਾ ਨਾਲ ਸੰਬੰਧਿਤ ਕਾਰਜਾਂ ਨਾਲ ਜੋੜਿਆ ਜਾਵੇ। ਸਬਸਿਡੀਆਂ ਦਿੱਤੀਆਂ ਜਾਣ ਤਾਂ ਕਿ ਉਹ ਲੋਕਲ ਪੱਧਰ ਤੇ ਸੂਰਜੀ ਸੈਲ ਤਿਆਰ ਕਰਨ ਵਾਲੀਆਂ ਯੂਨਿਟਾਂ ਲਾ ਸਕਣ।

(7) ਸਮੇਂ-ਸਮੇਂ ਤੇ ਸਰਕਾਰਾਂ ਅਤੇ ਸਨੱਅਤਾਂ ਲੋਕਾਂ ਨੂੰ ਨਵੀਆਂ ਸੌਰ ਤਕਨੀਕਾਂ ਬਾਰੇ ਜਾਣੂ ਕਰਵਾਉਣ ਲਈ ਕਾਨਫਰੰਸਾਂ, ਵਰਕਸ਼ਾਪਾਂ-ਮੇਲਿਆਂ ਆਦਿ ਦਾ ਵੀ ਪ੍ਰਬੰਧ ਕਰੇ। ਸਹੀ ਸੌਰ ਮਾਰਕੀਟ ਡਾਟਾ,ਰੁਝਾਨਾਂ ਅਤੇ ਅਨੁਮਾਨਾਂ ਨੂੰ ਪਬਲਿਕ ਨਾਲ ਸਾਂਝਾ ਵੀ ਕੀਤਾ ਜਾਵੇ। ਉਪਭੋਗਤਾ ਜਾਗਰੂਕਤਾ ਲਈ ਕੈਂਪ ਵੀ ਲਾਏ ਜਾਣ। ਚੰਗੀ ਨੀਯਤ ਅਤੇ ਉਸਾਰੂ ਸੋਚ ਹਰ ਇੱਕ ਸਮੱਸਿਆ ਦਾ ਹੱਲ ਹੁੰਦੀ ਹੈ।

(8) ਸੌਰ ਸੈੱਲ ਪੈਨਲਾਂ ਨੂੰ ਲਗਾਉਣ ਲਈ ਤਜਰਬੇਕਾਰ ਇੰਜੀਨੀਅਰ ਦਾ ਹੋਣਾ ਬਹੁਤ ਜ਼ਰੂਰੀ ਹੈ।ਕਿਸ ਕੋਣ ਤੇ ਸੌਰ ਪੈਨਲ ਫਿੱਟ ਕਰਨਾ ਹੈ, ਸੈੱਲਾਂ ਦੀ ਸਾਂਭ ਸੰਭਾਲ ਕਿਵੇਂ ਕਰਨੀ ਹੈ, ਸੌਰ ਪੈਨਲਾਂ ਨੂੰ ਮਿੱਟੀ ਘੱਟੇ, ਟੁੱਟ ਭੱਜ ਤੋਂ ਕਿਵੇਂ ਬਚਾਉਣਾ ਹੈ ਆਦਿ ਦਾ ਗਿਆਨ ਹੋਣਾ ਵੀ ਬਹੁਤ ਜ਼ਰੂਰੀ ਹੈ।

**ਦੇਸ਼ ਦੇ ਸੌਰ ਊਰਜਾ ਪ੍ਰੋਗਰਾਮ ਦਾ ਭਵਿੱਖ** - ਭਾਰਤ ਵਿੱਚ ਗਰਿੱਡ ਨਾਲ ਸੰਬੰਧਿਤ ਸੌਰ ਊਰਜਾ ਸ਼ਕਤੀ ਦਾ ਉਤਪਾਦਨ ਕੁੱਲ ਵਰਤੀ ਜਾਣ ਵਾਲੀ ਬਿਜਲੀ ਊਰਜਾ ਦੇ ਉਤਪਾਦਨ ਦੇ 1% ਤੱਕ ਪੁੱਜ ਚੁੱਕਾ ਹੈ।ਕੋਲੇ ਤੋਂ ਪੈਦਾ ਬਿਜਲੀ ਮਹਿੰਗੀ ਪੈਂਦੀ ਹੈ ਜੋ ਕਿ 3-5 ਰੁਪਏ ਪ੍ਰਤੀ ਯੂਨਿਟ ਪੈਂਦੀ ਹੈ। ਸੌਰ ਊਰਜਾ ਤੋਂ ਪੈਦਾ ਬਿਜਲੀ 2.44 ਰੁਪਏ ਪ੍ਰਤੀ ਯੂਨਿਟ ਪੈ ਰਹੀ ਹੈ।ਲੋੜ ਹੈ ਦੇਸ਼ ਖੁਦ ਨੈਨੋਤਕਨਾਲੋਜੀ ਵਰਗੀ ਆਧੁਨਿਕ ਤਕਨੀਕ ਦੀ ਵਰਤੋਂ ਕਰਕੇ ਸੂਖਮ ਅਤੇ ਕੁਸ਼ਲ ਸੌਰ ਸੈੱਲ ਤਿਆਰ ਕਰੇ। ਜਨਵਰੀ 2018 ਤੱਕ ਦੇਸ਼ ਦੀ ਕੁੱਲ ਸੌਰ ਊਰਜਾ ਉਤਪਾਦਨ ਸ਼ਕਤੀ 20 ਗੀਗਾਵਾਟ ਤੱਕ ਪੁੱਜ ਚੁੱਕੀ ਹੈ। 4.8 ਗੀਗਾਵਾਟ ਪ੍ਰਤੀ ਸਾਲਾਨਾ ਦੀ ਔਸਤ ਨਾਲ ਸਾਡਾ ਸੌਰ ਊਰਜਾ ਸ਼ਕਤੀ ਉਤਪਾਦਨ ਹੁਣ ਹੋਰ ਵਧਣ ਦੀ ਸੰਭਾਵਨਾ ਹੈ। 2017 ਤੱਕ ਦੇਸ਼ ਦਾ 40% ਨਵਾਂ ਊਰਜਾ ਉਤਪਾਦਨ ਸਿਰਫ ਸੌਰ ਊਰਜਾ ਸ਼ਕਤੀ ਤੇ ਹੀ ਨਿਰਭਰ ਰਿਹਾ ਹੈ। ਦੇਸ਼ ਦੇ 21 ਗੀਗਾਵਾਟ ਸਮਰੱਥਾ ਦੇ ਸੌਰ ਊਰਜਾ ਪ੍ਰੋਜੈਕਟਾਂ ਵਿੱਚੋਂ 14.7 ਗੀਗਾਵਾਟ ਸੌਰ ਪ੍ਰੋਜੈਕਟ ਕੰਮ ਲਈ ਤਿਆਰ ਹਨ ਅਤੇ ਕੰਮ ਕਰ ਰਹੇ ਹਨ, 7 ਗੀਗਾਵਾਟ ਵਾਲੇ ਪ੍ਰੋਜੈਕਟਾਂ ਤੇ ਕੰਮ ਚੱਲ ਰਿਹਾ ਹੈ ਜੋ ਕਿ ਜਲਦ ਪੂਰਾ ਹੋ ਜਾਵੇਗਾ। ਆਸ ਹੈ ਕਿ ਦੇਸ਼ ਵਿੱਚ ਸੰਨ 2022 ਤੱਕ 100 ਗੀਗਾਵਾਟ ਸ਼ਕਤੀ ਦਾ ਸੌਰ ਊਰਜਾ ਉਤਪਾਦਨ ਪੈਦਾ ਹੋ ਸਕੇਗਾ। ਸੰਨ 2027 ਤੱਕ 27% ਅਤੇ 2040 ਤੱਕ 49% ਬਿਜਲੀ ਊਰਜਾ ਉਤਪਾਦਨ ਸਿਰਫ ਸੌਰ ਸ਼ਕਤੀ ਰਾਹੀਂ ਹੀ ਪੈਦਾ ਹੋਵੇਗਾ ਅਤੇ ਭਾਰਤ ਵਿਸ਼ਵ ਦੀ ਇੱਕ ਵੱਡੀ ਸੋਲਰ ਮਾਰਕੀਟ ਬਣ ਜਾਵੇਗਾ।

ਅੱਜ ਸਮਾਂ ਨੈਨੋਤਕਨਾਲੋਜੀ ਦਾ ਚੱਲ ਰਿਹਾ ਹੈ। ਇਹ ਨਵੀਨਤਮ ਅਤੇ ਸੂਖਮ ਤਕਨੀਕ ਬਹੁਤ ਹੀ ਜ਼ਿਆਦਾ ਕਾਰਗਾਰ ਸਾਬਿਤ ਹੋ ਰਹੀ ਹੈ। ਨੈਨੋਤਕਨਾਲੋਜੀ ਨਾਲ ਲੈਸ ਸੌਰ ਸੈੱਲ ਪਲਾਂਟਾਂ ਦੀ ਉਤਪਾਦਨ ਸ਼ਕਤੀ 17 ਤੋਂ 20% ਤੱਕ ਵਧਾਈ ਜਾ ਸਕਦੀ ਹੈ।


ਵਿਸ਼ਵ ਵਿੱਚ ਸੰਨ 2010-18 ਤੱਕ ਨੈਨੋਤਕਨਾਲੋਜੀ ਦੇ ਖੇਤਰ ਵਿੱਚ ਹੋਈਆਂ ਨਵੀਆਂ ਖੋਜਾਂ ਤੋਂ ਤਿਆਰ ਹੋਰ ਆਧੁਨਿਕ ਕਿਸਮ ਦੇ ਸੌਰ ਸੈੱਲ ਮਾਰਕੀਟ ਵਿੱਚ ਆਉਣ ਲਈ ਤਿਆਰ ਹਨ। ਇਹਨਾਂ ਵਿੱਚ ਡਾਈ ਸੰਵੇਦਨਸ਼ੀਲ ਅਤੇ ਪੀਰੋਵਸਕਾਈਟ ਨਾਮਕ ਸੌਰ ਸੈੱਲ ਬਹੁਤ ਪ੍ਰਮੁੱਖ ਹਨ। ਦੋਹਾਂ ਕਿਸਮਾਂ ਦੇ ਇਹ ਸੌਰ ਸੈੱਲ ਸਸਤੇ ਅਤੇ ਬਹੁਤ ਕੁਸ਼ਲ ਵੀ ਹਨ। ਅਜਿਹੇ ਸੈੱਲਾਂ ਦਾ ਵੱਡੇ ਪੱਧਰ ਤੇ ਉਤਪਾਦਨ ਸਸਤਾ ਪੈਂਦਾ ਹੈ। ਇਸ ਤੋਂ ਇਲਾਵਾ ਦੋਮੁੱਖੇ ਅਤੇ ਨੈਨੋ ਤਰਲ ਸਿਆਹੀ ਤੋਂ ਬਣਨ ਵਾਲੇ ਸੌਰ ਸੈੱਲ ਹੋਰ ਵੀ ਜ਼ਿਆਦਾ ਕੁਸ਼ਲਤਾ ਵਾਲੇ ਹੋਣਗੇ। ਅਜਿਹੇ ਸੌਰ ਸੈੱਲ ਸੰਨ 2020 ਤੱਕ ਮਾਰਕੀਟ ਵਿੱਚ ਉਪਲਬਧ ਹੋ ਜਾਣਗੇ। ਸੰਨ

2030 ਤੱਕ ਸਾਡਾ ਦੇਸ਼ ਭਾਰਤ ਸੌਰ ਊਰਜਾ ਸ਼ਕਤੀ ਦੇ ਖੇਤਰ ਵਿੱਚ ਰੀੜ ਦੀ ਹੱਡੀ ਬਣ ਜਾਵੇਗਾ। ਆਉਣ ਵਾਲੇ ਵੀਹ ਸਾਲਾਂ ਵਿੱਚ ਸਾਡੇ ਦੇਸ਼ ਦੀਆਂ ਊਰਜਾ ਨਾਲ ਸੰਬੰਧਿਤ ਬਹੁਤੀਆਂ ਸਮੱਸਿਆਵਾਂ ਖਤਮ ਹੋ ਜਾਣ ਦੀ ਸੰਭਾਵਨਾ ਹੈ ਅਤੇ ਭਾਰਤ ਵਿਕਾਸ ਦੇ ਹੋਰ ਨਵੇਂ ਪੜਾਅ ਵੱਲ ਚੱਲ ਪਵੇਗਾ।

ਚਿੱਤਰ 1: ਸਿਲੀਕਾਨ ਸੌਰ ਸੈੱਲ ਪੈਨਲਾਂ ਦਾ ਢਾਂਚਾ



ਚਿੱਤਰ 2: ਅਤੀ-ਆਧੁਨਿਕ ਪੀਰੋਵਸਕਾਈਟ ਸੌਰ ਸੈੱਲ ਪੈਨਲ






ਲੇਖਕ:

ਡਾ. (ਇੰਜੀ.) ਸਤਬੀਰ ਸਿੰਘ,

ਸੀਨੀਅਰ ਸਹਾਇਕ ਪ੍ਰੋਫੈਸਰ,

ਇਲੈਕਟ੍ਰਾਨਿਕ ਤਕਨੀਕੀ ਵਿਭਾਗ,

ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜ਼ਨਲ ਕੈਂਪਸ-ਗੁਰਦਾਸਪੁਰ।

ਸੰਪਰਕ: 98880-29401





ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ ਵਿਖੇ

**ਕਮਰਿਆਂ ਦੀ ਬੁਕਿੰਗ**

ਲਈ ਹੇਠ ਲਿਖੇ ਮੋਬਾਇਲ ਨੰਬਰ 'ਤੇ ਸੰਪਰਕ ਕਰੋ।

**ਮੋਬਾਇਲ ਨੰ:-73470-65188**

# ਆਓ ਜਾਣੀਏ !

- ਸੰਪਾਦਕ

1. ਮਾਈ ਭਾਗੋ ਨੇ ਗੁਰੂ ਗੋਬਿੰਦ ਸਿੰਘ ਦਾ ਕਿਹੜੀ ਲੜਾਈ ਵਿਚ ਸਾਥ ਦਿੱਤਾ?

| | | |
|---|---|---|
| ੳ) ਭੰਗਾਣੀ ਦੀ ਲੜਾਈ | ਅ) ਆਨੰਦਪੁਰ ਦੀ ਲੜਾਈ | |
| ੲ) ਖਿਦਰਾਣਾ ਦੀ ਲੜਾਈ | ਸ) ਨਾਦੌਣ ਦੀ ਲੜਾਈ | (ੲ) |

2. ਦਮਦਮੀ ਟਕਸਾਲ ਦੀ ਸਥਾਪਨਾ ਕਿਸ ਨੇ ਕੀਤੀ?

| | | |
|---|---|---|
| ੳ) ਬੰਦਾ ਬਹਾਦਰ | ਅ) ਜਰਨੈਲ ਸਿੰਘ ਭਿੰਡਰਾਂਵਾਲਾ | |
| ੲ) ਮਹਾਰਾਜਾ ਰਣਜੀਤ ਸਿੰਘ | ਸ) ਗੁਰੂ ਗੋਬਿੰਦ ਸਿੰਘ | (ਸ) |

3. ਗੁਰੂ ਨਾਨਕ ਦੇਵ ਜੀ ਤੋਂ ਇਲਾਵਾ ਹੋਰ ਕਿਹੜੇ ਗੁਰੂ ਸਾਹਿਬ ਨੇ ਯਾਤਰਾਵਾਂ ਕੀਤੀਆਂ?

| | | |
|---|---|---|
| ੳ) ਗੁਰੂ ਤੇਗ ਬਹਾਦਰ | ਅ) ਗੁਰੂ ਰਾਮਦਾਸ | |
| ੲ) ਗੁਰੂ ਅਮਰਦਾਸ | ਸ) ਗੁਰੂ ਹਰਿ ਕ੍ਰਿਸ਼ਨ | (ੳ) |

4. ਸਰਹੰਦ ਦੀ ਦੀਵਾਰ ਕਿਸ ਨਾਲ ਸਬੰਧਿਤ ਹੈ?

| | | |
|---|---|---|
| ੳ) ਵੱਡੇ ਸਾਹਿਬਜ਼ਾਦੇ | ਅ) ਛੋਟੇ ਸਾਹਿਬਜ਼ਾਦੇ | |
| ੲ) ਭਾਈ ਘਨੱਈਆ ਜੀ | ਸ) ਭਾਈ ਮਨੀ ਸਿੰਘ | (ਅ) |

5. ਭਾਈ ਕਨ੍ਹੱਈਆ ਜੀ ਦਾ ਜਨਮ ਕਿੱਥੇ ਹੋਇਆ ਸੀ?

| | | |
|---|---|---|
| ੳ) ਪਾਕਪਟਨ | ਅ) ਸਰਹੰਦ | |
| ੲ) ਲਾਹੌਰ | ਸ) ਸਿਆਲਕੋਟ | (ਸ) |

6. ਕਿਹੜੇ ਸਿੱਖ ਗੁਰੂ ਸਾਹਿਬ ਦਾ ਗੁਰੂਕਾਲ ਸਭ ਤੋਂ ਵੱਧ ਰਿਹਾ?

| | | |
|---|---|---|
| ੳ) ਗੁਰੂ ਨਾਨਕ ਦੇਵ | ਅ) ਗੁਰੂ ਗੋਬਿੰਦ ਸਿੰਘ | |
| ੲ) ਗੁਰੂ ਹਰਗੋਬਿੰਦ | ਸ) ਗੁਰੂ ਅਰਜਨ ਦੇਵ | (ੲ) |

7. ਕਿਹੜੇ ਸਿੱਖ ਗੁਰੂ ਸਾਹਿਬ ਦਾ ਗੁਰੂਕਾਲ ਸਭ ਤੋਂ ਘੱਟ ਰਿਹਾ?

| | | |
|---|---|---|
| ੳ) ਗੁਰੂ ਹਰਰਾਏ | ਅ) ਗੁਰੂ ਹਰਕ੍ਰਿਸ਼ਨ | |
| ੲ) ਗੁਰੂ ਅਮਰਦਾਸ | ਸ) ਗੁਰੂ ਰਾਮਦਾਸ | (ਅ) |

8. ਜਜ਼ੀਆ ਕੀ ਸੀ?

| | | |
|---|---|---|
| ੳ) ਯਾਤਰਾ ਕਰ | ਅ) ਧਾਰਮਿਕ ਕਰ | |
| ੲ) ਭੂਮੀ ਕਰ | ਸ) ਉਪਾਧੀ | (ਅ) |

9. ਮੁਗਲ ਬਾਦਸ਼ਾਹ ਜਹਾਂਗੀਰ ਦਾ ਮਕਬਰਾ ਕਿੱਥੇ ਹੈ? (SSC 2003)

| | | |
|---|---|---|
| ੳ) ਦਿੱਲੀ | ਅ) ਆਗਰਾ | |
| ੲ) ਲਾਹੌਰ | ਸ) ਪੇਸ਼ਾਵਰ | (ੲ) |

10. ਸ. ਊਧਮ ਸਿੰਘ ਨੇ ਸਰ ਮਾਈਕਲ ਓਡਵਾਇਰ ਦੀ ਹੱਤਿਆ ਕਿੱਥੇ ਕੀਤੀ ਸੀ?

| | | |
|---|---|---|
| ੳ) ਪੈਰਿਸ | ਅ) ਲਾਹੌਰ | |
| ੲ) ਦਿੱਲੀ | ਸ) ਲੰਦਨ | (ਸ) |

# ਸੌਂਫ

ਇਹ ਹਰ ਘਰ ਵਿਚ ਆਮ ਹੀ ਹੁੰਦੀ ਹੈ ਇਹ ਅਚਾਰ ਆਦਿ ਮਸਾਲੇ ਵਿਚ ਵਰਤੀ ਜਾਂਦੀ ਹੈ ਜਾਂ ਰੋਟੀ ਪਿੱਛੋਂ ਬਹੁਤ ਲੋਕ ਚਬਾਕੇ ਖਾਂਦੇ ਹਨ। ਇਸ ਵਿਚ ਹੋਰ ਬਹੁਤ ਗੁਣ ਹਨ। ਕੁੱਝ ਕੁ ਲਿਖੇ ਜਾ ਰਹੇ ਹਨ।

**ਅੱਖਾਂ ਦੀ ਜੋਤ ਵਧਾਓ** - ਬਦਾਮ ਦੀ ਗਿਰੀ 7 ਨਗ, ਸੌਂਫ 6 ਗ੍ਰਾਮ, ਮਿਸਰੀ 6 ਗ੍ਰਾਮ। ਸਭ ਤੋਂ ਪਹਿਲਾਂ ਸੌਂਫ ਤੇ ਮਿਸਰੀ ਬਰੀਕ ਪੀਸ ਲਵੋ ਫਿਰ ਬਦਾਮ ਗਿਰੀ ਕੁਝ ਸਮਾਂ ਪਾਣੀ ਵਿਚ ਭਿਉਂ ਕੇ ਛਿਲਕਾ ਉਤਾਰੀ ਹੋਈ ਮਿਲਾਕੇ ਇਕ ਖੁਰਾਕ ਰਾਤ ਨੂੰ ਸੌਣ ਵੇਲੇ ਇਕ ਪਾਈਆ ਗਰਮ ਦੁੱਧ ਨਾਲ ਸੇਵਨ ਕਰੋ। ਸੌਂ ਜਾਵੋ ਤੇ ਬਾਅਦ ਵਿਚ ਪਾਣੀ ਨਾ ਪੀਓ ਇਸ ਤਰ੍ਹਾਂ 40 ਦਿਨ ਲਗਾਤਾਰ ਵਰਤੋਂ ਕਰਨ ਨਾਲ ਅੱਖਾਂ ਦੀ ਜੋਤ ਬਹੁਤ ਤੇਜ਼ ਹੋ ਜਾਂਦੀ ਹੈ। ਐਨਕ ਲਗਵਾਉਣ ਦੀ ਲੋੜ ਨਹੀਂ ਰਹਿੰਦੀ।

**ਬੱਚਿਆਂ ਦੀ ਬਦਹਜ਼ਮੀ** - ਸੌਂਫ 6 ਗ੍ਰਾਮ, ਪਾਣੀ ਵਿਚ ਉਬਾਲ ਕੇ ਪਾਣੀ ਨੂੰ ਪੁਣ ਕੇ ਪਿਲਾਵੋ ਇਸ ਨਾਲ ਬੱਚਿਆਂ ਦੇ ਪੇਟ ਦੀ ਵਾਯੂ ਅਤੇ ਬਦਹਜ਼ਮੀ ਦੀ ਸ਼ਿਕਾਇਤ ਦੂਰ ਹੋ ਜਾਂਦੀ ਹੈ।

**ਮਿਹਦੇ ਦੀ ਤਾਕਤ** - ਕੇਵਲ ਸੌਂਫ ਦਾ ਚੂਰਨ ਸਵੇਰੇ 6 ਗ੍ਰਾਮ ਵਰਤਣ ਨਾਲ ਮੇਲੇ ਦੀ ਪਾਚਨ ਸ਼ਕਤੀ ਵਧਦੀ ਹੈ। ਅੱਖਾਂ ਦੀ ਜੋਤ ਵੀ ਵਧਦੀ ਹੈ।

# ਹਲਦੀ

ਸਾਡੇ ਘਰਾਂ ਵਿਚ ਹਮੇਸ਼ਾ ਵਰਤੋਂ ਵਿਚ ਆਉਣ ਵਾਲੀਆਂ ਬਹੁਤ ਸਾਰੀਆਂ ਚੀਜ਼ਾਂ ਸਿਹਤ ਲਈ ਬਹੁਤ ਲਾਭਕਾਰੀ ਹਨ। ਜੇਕਰ ਇਹਨਾਂ ਦੀ ਧਿਆਨ ਨਾਲ ਵਰਤੋਂ ਕੀਤੀ ਜਾਵੇ।

ਆਯੁਰਵੇਦ ਗ੍ਰੰਥਾਂ ਵਿਚ ਹਲ਼ਦੀ ਨੂੰ ਮਾਨਵ ਹਿੱਤਕਾਰੀ ਅਤੇ ਛੂਤ ਰੋਗਾਂ ਤੋਂ ਬਚਾਉਣ ਵਾਲੀ ਲਿਖਿਆ ਹੈ। ਹਲਦੀ ਹੇਠ ਲਿਖੀਆਂ ਬਿਮਾਰੀਆਂ ਲਈ ਬਹੁਤ ਗੁਣਕਾਰੀ ਹੈ।

**ਜ਼ੁਕਾਮ** - ਜ਼ੁਕਾਮ ਹੋ ਜਾਵੇ ਤਾਂ ਇਕ ਪਿਆਲਾ ਗਰਮ ਦੁੱਧ ਵਿਚ ਇਕ ਚਮਚਾ ਪੀਸੀ ਹਲਦੀ ਪਾ ਕੇ ਚੰਗੀ ਤਰਵਾਂ ਫੈਂਟ ਕੇ ਫਿਰ ਸ਼ੱਕਰ ਪਾ ਕੇ ਪੀਣ ਨਾਲ ਰੇਸ਼ਾ ਬਲਗਮ ਪੱਕ ਕੇ ਨਿਕਲ ਜਾਂਦੀ ਹੈ।

**ਜ਼ਰੂਰੀ ਨੋਟ** - ਜ਼ੁਕਾਮ ਵਿਚ ਕਦੀ ਰੇਸ਼ਾ ਰੋਕਣ ਲਈ ਨਸ਼ੇ ਵਾਲੀ ਦਵਾਈ ਨਹੀਂ ਲੈਣੀ ਚਾਹੀਦੀ। ਇਕ ਦਮ ਰੇਸ਼ਾ ਰੋਕਣ ਨਾਲ ਸਾਹ, ਦਮਾ ਆਦਿ ਰੋਗ ਹੋ ਜਾਂਦੇ ਹਨ। ਜ਼ੁਕਾਮ ਵਿਚ ਵਰਤ ਰੱਖਣਾ ਬਹੁਤ ਲਾਭਕਾਰੀ ਹੈ। ਦਿਨ ਵਿਚ ਸੌਣ ਨਾਲ ਜ਼ੁਕਮ ਜ਼ਿਆਦਾ ਵਿਗੜਦਾ ਹੈ।

**ਮਾਘ, ਫੱਗਣ ਅਤੇ ਚੇਤ ਦੇ ਮਹੀਨੇ ਅਤੇ ਹਲਦੀ** - ਕੱਚੀ ਹਲਦੀ ਦਾ ਰਸ ਸ਼ਹਿਦ ਵਿਚ ਮਿਲਾ ਕੇ ਰੋਜ਼ ਸਵੇਰੇ ਪੀਣ ਨਾਲ ਚੇਚਕ, ਹੈਜ਼ਾ ਆਦਿ ਬਿਮਾਰੀਆਂ ਹੋਣ ਦਾ ਡਰ ਨਹੀਂ ਰਹਿੰਦਾ ਅਤੇ ਬੱਚਿਆਂ ਦੇ ਯਕ੍ਰਿਤ ਜਿਗਰ (ਲੀਵਰ) ਦੀ ਕਮਜ਼ੋਰੀ, ਪੇਟ ਦੇ ਰੋਗ, ਖਾਂਸੀ, ਜ਼ੁਕਾਮ, ਪੀਲੀਆ ਠੀਕ ਹੁੰਦਾ ਹੈ ਤੇ ਬੱਚਾ ਤੰਦਰੁਸਤ ਤਾਕਤਵਰ ਅਤੇ ਸੁੰਦਰ ਬਣਦਾ ਹੈ। ਫੋੜਾ, ਫਿਨਸੀ, ਦਾਦ, ਖਾਜ਼, ਧੱਫੜੀ ਅਤੇ ਜ਼ਖ਼ਮਾਂ ਨੂੰ ਵੀ ਹਲਦੀ ਬਹੁਤ ਫਾਇਦਾ ਕਰਦੀ ਹੈ। ਸਰ੍ਹੋਂ ਦੇ ਤੇਲ ਵਿਚ ਹਲਦੀ ਦੀ ਮਾਲਿਸ਼ ਕਰਕੇ ਨਿੰਮ੍ਹ ਦੇ ਪੱਤੇ ਅਤੇ ਹਲਦੀ ਦੀ ਗੱਠੀ ਪਾਣੀ ਵਿਚ ਉਬਾਲਕੇ ਇਸ਼ਨਾਨ ਕਰਨ ਨਾਲ ਚਮੜੀ ਰੋਗ ਮਿਟ ਜਾਂਦੇ ਹਨ।

**ਚੇਚਕ** - ਚੇਚਕ ਲਈ ਕੱਚੀ ਹਲਦੀ 10 ਗ੍ਰਾਮ, ਇੱਖ ਦਾ ਰਸ 10 ਗ੍ਰਾਮ, ਸਵੇਰੇ ਇਸ਼ਨਾਨ ਕਰਨ ਤੋਂ ਬਾਅਦ 10-15 ਦਿਨ ਸੇਵਨ ਕਰਨ ਨਾਲ ਚੇਚਕ ਹੋਣ ਦਾ ਭੈਅ ਨਹੀਂ ਰਹਿੰਦਾ ਹੈ।

**ਪੇਟ ਦੇ ਕੀੜੇ** - ਕੱਚੀ ਹਲਦੀ ਵਿਚ ਥੋੜ੍ਹਾ ਨਮਕ ਮਿਲਾ ਕੇ ਖਾਣ ਨਾਲ ਪੇਟ ਦੇ ਕੀੜੇ ਖਤਮ ਹੋ ਜਾਂਦੇ ਹਨ।

**ਖੁਰਾਕ** - 3 ਤੋਂ 5 ਗ੍ਰਾਮ ਤੱਕ ਰਿੜਕੀ ਹੋਈ ਲੱਸੀ ਜਾਂ ਪਾਣੀ ਨਾਲ ਖਾਲੀ ਪੇਟ ਲਵੋ। ਕੁਝ ਦਿਨ ਵਿਚ ਹੀ ਲਾਭ ਮਿਲੇਗਾ।

**ਪ੍ਰਸੂਤਿਕਾ (ਜਣੇਪਾ)** - ਮਹਾਰਾਸ਼ਟਰ ਵਿਚ ਜਣੇਪੇ ਤੋਂ ਬਾਅਦ ਗੁੜ ਨਾਲ ਹਲਦੀ ਖਵਾਈ ਜਾਂਦੀ ਹੈ। ਇਹ ਬੰਗਾਲ ਵਿਚ ਪ੍ਰਚੱਲਿਤ ਹੈ ਕਿ ਜਣੇਪੇ ਤੋਂ 3-4 ਦਿਨ ਪਹਿਲਾਂ ਖਿਚੜੀ (ਚਾਵਲ, ਮੂੰਗੀ ਦੀ) ਦਿੱਤੀ ਜਾਂਦੀ ਹੈ। ਉਸ ਵਿਚ ਇਕ ਗੱਠੀ ਕੱਚੀ ਹਲਦੀ ਦੀ ਪੀਸੀ ਹੋਈ ਖਵਾਈ ਜਾਂਦੀ ਹੈ।

ਪੁਰਾਣੇ ਲੋਕ ਹਲਦੀ ਦੀ ਗੱਠੀ ਨੂੰ ਨਜ਼ਰ ਵਗੈਰਾ ਤੋਂ ਰੱਖਿਆ ਲਈ ਦਵਾ ਸਮਝਦੇ ਸਨ ਜਦੋਂ ਕਿ ਅਸਲ ਗੱਲ ਇਹ ਹੈ ਕਿ ਹਲਦੀ ਕੀਟਨਾਸ਼ਕ ਹੈ। ਪਾਣੀ ਵਿਚ ਹਲਦੀ ਦੀਆਂ ਗੱਠੀਆਂ ਕੁੱਟ ਕੇ ਉਬਾਲ ਕੇ ਬੱਚਿਆਂ ਨੂੰ ਨਹਾਉਣ ਨਾਲ ਚਮੜੀ ਨੂੰ ਰੋਗ ਨਹੀਂ ਲੱਗਦੇ ਅਤੇ ਚਮੜੀ ਮੁਲਾਇਮ ਅਤੇ ਸੁੰਦਰ ਰਹਿੰਦੀ ਹੈ।

**ਹਲਦੀ ਦਾ ਵਟਣਾ** - ਵਿਆਹ ਤੋਂ ਪਹਿਲਾਂ ਲੜਕੇ-ਲੜਕੀ ਦੀ ਖੂਬਸੂਰਤੀ ਲਈ ਵਟਣਾ ਮਲਣਾ ਇਕ ਰਸਮ ਹੈ, ਜਿਸ ਵਿਚ ਹਲਦੀ, ਜੌਂ ਦਾ ਆਟਾ, ਵੇਸਣ, ਤੇਲ, ਦੁੱਧ ਅਤੇ ਚੰਦਨ ਦਾ ਪਾਊਡਰ ਆਦਿ ਪਾ ਕੇ ਵਿਆਹ ਤੋਂ ਕਈ ਦਿਨ ਪਹਿਲਾਂ ਸਰੀਰ ਤੇ ਵਟਣਾ ਮਲਿਆ ਜਾਂਦਾ ਹੈ।

ਮਨੁੱਖ ਦੇ ਨਾਲ-ਨਾਲ ਪਸ਼ੂ-ਪੰਛੀਆਂ ਦੇ ਜ਼ਖ਼ਮਾਂ ਲਈ ਵੀ ਹਲਦੀ ਇਕ ਗੁਣਕਾਰੀ ਦਵਾ ਹੈ।

**ਮੋਚ** - ਸਰੀਰ ਦੇ ਕਿਸੇ ਵੀ ਅੰਗ ਤੇ ਮੋਚ ਆ ਜਾਵੇ ਤਾਂ ਹਲਦੀ, ਕਣਕ ਦਾ ਆਟਾ, ਨਮਕ ਮਿਲਾ ਕੇ ਗਰਮ ਕਰਕੇ ਲਗਾਵੇ ਦਰਦ, ਸੋਜ ਹਟ ਜਾਂਦੀ ਹੈ।

ਕਹਾਣੀ

# ਪਲੰਦੇ

**ਚੰਦਨ ਨੇਗੀ**

ਸੜਕ ਤੋਂ ਆਪਣੇ ਘਰ ਵੱਲ ਦੀ ਗਲੀ ਮੁੜਨ ਹੀ ਲਗਦੀ ਹਾਂ ਕਿ ਗਲੀ ਦੀ ਉਚਾਈ ਦੀ ਇਕ ਦਰਾੜ ਵਿਚ ਸੈਂਡਲ ਦੀ ਅੱਡੀ ਫਸ ਗਈ। ਮਸਾਂ-ਮਸਾਂ ਡਿਗਣੋਂ ਬਚੀ ਸਾਂ। ਉਸੀ ਵੇਲੇ ਹੀ ਸ਼ਾਇਦ ਚੁਤਰਫ਼ੀ ਹਨੇਰ-ਮ-ਨ੍ਹੇਰਾ ਪਸਰ ਗਿਆ ਸੀ। ਘਰਾਂ, ਗਲੀਆਂ, ਸੜਕਾਂ ਦੀਆਂ ਬੱਤੀਆਂ ਗੁਲ ਹੋ ਗਈਆਂ ਸਨ। ਸੜਕ ਵੱਲ ਪਿੱਛੇ ਮੁੜ ਕੇ ਵੇਖਿਆ, ਬਿਜਲੀ ਦੇ ਖੰਭੇ, ਖੰਭਿਆਂ ਨਾਲ ਬੱਝੀਆਂ ਤਾਰਾਂ, ਤਾਰਾਂ ਨਾਲ ਉਲਝੇ ਧਾਗੇ, ਲੀਰਾਂ, ਡੋਰਾਂ, ਪਤੰਗਾਂ ਚੰਨ ਦੀ ਹਲਕੀ ਹਲਕੀ ਸਲੇਟੀ ਰੰਗ ਦੀ ਚਾਂਦਨੀ ਵਿਚ ਜਿਵੇਂ ਤਾਂਡਵ ਨਾਚ ਨੱਚ ਰਹੇ ਹੋਣ। ਹਵਾ ਦੇ ਝੋਕੇ ਨਾਲ ਸੜਕ ਉੱਤੇ ਪਸਰੇ ਪ੍ਰਛਾਵੇਂ ਭੂਤੀਆ ਨਾਚ ਨੱਚਦੇ ਸਰਕਦੇ ਲਗੇ।

ਅੰਗੂਠੇ 'ਚ ਪਈ ਤਰਾਟ ਨੇ ਮੇਰੀ ਸੁਰਤ ਸੜਕ ਵੱਲੋਂ ਮੋੜੀ ਤੇ ਝੁਕ ਕੇ ਇੱਟਾਂ ਦੀ ਵਿੱਥ 'ਚੋਂ ਸੈਂਡਲ ਦੀ ਅੱਡੀ ਨੂੰ ਕਢਦੇ ਮੇਰੀ ਨਜ਼ਰ ਸਾਹਮਣੇ ਦਰਵਾਜ਼ੇ ਉੱਤੇ ਰੁਕ ਗਈ। ਲੋਹੇ ਦੀ ਗਰਿਲ ਵਾਲੇ ਵੱਡੇ ਦਰਵਾਜ਼ੇ ਦੀ ਝੀਥ ਵਿਚੋਂ ਮੈਨੂੰ ਮੇਜ਼ ਉੱਤੇ ਪਏ ਚਿੱਟੇ ਬੁੱਤ ਦੇ ਸਿਰ ਉੱਤੇ ਵਡੀ ਸਾਰੀ ਜਗਦੀ ਮੋਮਬੱਤੀ ਦਿਸੀ।

ਮੈਨੂੰ ਲਗਿਆ ਜਿਵੇਂ ਮੋਤੀਆ ਮਾਸੀ ਦੇ ਸਿਰ ਵਿਚੋਂ ਅੱਗ ਦੇ ਸ਼ੋਹਲੇ ਨਿਕਲ ਰਹੇ ਹਨ। ਜਿਵੇਂ ਉਸ ਦੇ ਅੰਦਰ ਦਬਿਆ ਜੁਆਲਾ ਮੁੱਖੀ ਫਟ ਗਿਆ ਹੋਏ। ਕਦੀ ਇਹ ਘਰ ਮਾਸੀ ਮੋਤੀਆਂ ਦਾ ਸੀ। ਉਹ ਜਦੋਂ ਬਹੁਤ ਉਦਾਸ ਹੁੰਦੀ ਸੀ ਤਾਂ ਇਸ ਬੁੱਤ ਵਾਂਗ ਇਕ ਗੋਡੇ ਦੀ ਅੱਧੀ ਚੌਕੜੀ, ਦੂਜਾ ਗੋਡਾ ਅੱਧਾ ਉੱਚਾ ਤੇ ਦੋਹੇਂ ਬਾਹਵਾਂ ਗੋਡੇ ਦੁਆਲੇ ਵਲੇਸ ਕੇ ਗੋਡੇ ਦੀ ਚਪਣੀ ਉੱਤੇ ਠੋਡੀ ਰੱਖ ਆਪਣੀ ਝੋਲੀ ਵਿਚ ਅੱਥਰੂ ਕੇਰਦੀ ਰਹਿੰਦੀ ਸੀ। ਜਾਂ ਚੁੱਲ ਕੋਲ ਬੈਠੀ ਧਰਤੀ ਉੱਤੇ ਲਕੀਰਾਂ ਵਾਹੁੰਦੀ ਰਹਿੰਦੀ।

ਮਾਸੀ ਮੋਤੀਆ ਦਾ ਇਹ ਘਰ- ਉਹਦੋਂ ਕੱਚਾ ਕਮਰਾ ਸੀ। ਜਿਸ ਦੀ ਛੱਤ ਦੀਆਂ ਦੋ ਬਲੀਆਂ ਹੇਠਾਂ ਲਮਕੀਆਂ ਕੰਧ ਨਾਲ ਢੋਅ ਲਗਾਈ ਥੱਕੀਆਂ-ਹਾਰੀਆਂ ਖਲੋਤੀਆਂ ਸਨ। ਝੱਖੜਾਂ ਮੀਂਹਾਂ ਵਿਚ ਸੁੱਕੇ ਗੋਹੇ ਸੰਭਾਲਦੀ ਉਹ ਡਰਦੀ ਵੀ ਕਿ ਕਿਸੀ ਦਿਨ ਇਹਨਾਂ ਲਮਕਦੀਆਂ ਬਲੀਆਂ ਹੇਠਾਂ ਉਹ ਆਪ ਹੀ ਸੰਭਾਲੀ ਜਾਏਗੀ। ਇਸੇ ਟੁੱਟੀ ਛੱਤ ਦੀ ਇਕ ਨੁੱਕਰ ਵਿਚ ਉਹ ਆਪਣੇ ਤਨ ਉੱਤੇ ਪਈਆਂ ਸੋਟੀਆਂ, ਮੁੱਕਿਆਂ, ਬੂਟਾਂ ਦੀਆਂ ਲਾਸਾਂ ਨੂੰ ਵੇਖਦੀ ਅਰਦਾਸਾਂ ਕਰਦੀ ਸੀ- "ਹੇ ਰੱਬਾ ! ਮਿਘੀ ਸਾਂਭੀ ਲੈ....ਹਿੱਸ ਜੀਣੈ ਕੋਲਾ ਤੇ ਮਰਣਾ ਚੰਗਾ-ਮਾਰਾਂ ਖਾਈ-ਖਾਈ ਹੁੱਟੀ ਹੰਭੀ ਗੇਈ ਆਂ..." ਤੇ ਵਿਹੜੇ ਵਿਚੋਂ ਆਪਣੇ ਆਦਮੀ ਦੀ ਗਰਜ ਸੁਣ—

"ਹੇ ਮੋਤੋ ਸ਼ੜੋਤੋ-ਕੁੱਸ ਨੀ ਬੁਕਲੇ 'ਚ ਵੜੀ ਗੇਈ ਏਂ...ਕੌਣ ਨੁ ਤੈਂਡੇ ਯਾਰ ਅੰਦਰ....? ਠੰਡੀ ਨਾ ਹੋਈ ਹਾਲੇਂ....ਸੇਕਾਂ ਤੈਂਡੀਆਂ ਹਡੀਆਂ ਹੋਰ...."

ਉਹ ਚੁੰਨੀ ਦੀ ਚੂਕ ਨਾਲ ਨੱਕ ਪੂੰਝਦੀ, ਅੱਖਾਂ ਮਲਦੀ, ਟੁੱਟੇ-ਭੱਜੇ ਕਮਰੇ ਵਿਚੋਂ ਬਾਹਰ ਨਿਕਲ ਆਉਂਦੀ-

"ਹੇ ਕੈਅ....? ਕੇਹ ਆ ਮੱਖਾਂ?"

'ਰੋਟੀ ਕੋਈ ਤੈਂਡਾ ਯਾਰ ਬਣਾਸੀ....? ਛਾਬਾ ਵੀ ਨੀ ਲਗਿਆ ਹਾਲੇ?"

"ਕਿਹੜੇ ਨੂ ਮੈਂਡੇ ਯਾਰ ..... ਮੱਖਾਂ ..... ਐਵੇਂ ਹੀ, ਅੱਠੇ ਪਹਿਰ ਗਲੀ-ਗਲੀ ਦੀ ਖੇਹ ਤਾਂ ਆਪੂੰ.....ਤੁਸ.....?"

"ਦਸਾਂ ਤੁਗੀ...ਕੁਤਰਾਂ ਤੈਂਡੀ ਗਿੱਠ ਲੰਮੀ ਜ਼ਬਾਨ...ਬਹੁੰ ਚੱਤਰ-ਚੱਤਰ ਕਰਨੀ ਐਂ"

****

ਉਸ ਦੀ ਮਾਂ ਨੇ ਬੱਚੀ ਦਾ ਨਾਂ ਮੋਤੀਆ ਰੱਖਿਆ ਸੀ। ਖੌਰੇ ! ਮਾਂ ਨੂੰ ਮੋਤੀਏ ਦੇ ਫੁੱਲ ਪਸੰਦ ਸਨ ਜਾਂ ਮੋਤੀਏ ਦੇ ਤਰੇਲ ਧੋਤੇ ਫੁੱਲਾਂ ਵਾਂਗ ਸਾਫ਼ ਚਿੱਟਾ ਸੀ ਉਸ ਦਾ ਰੰਗ। ਛੋਟਾ ਕੱਦ, ਭਰਵਾਂ ਜਿਸਮ, ਗਿਟਕੀ ਜਿਹੀ ਲੀਰਾਂ ਵਿਚ ਵੀ ਫੱਬਦੀ ਤੇ ਉਸ ਦੇ ਘਰ ਵਾਲਾ ਮਿਲਖੀ ਲੰਮਾ-ਪਤਲਾ-ਸੁਕੜੂ ਸਾਂਵਲਾ ਲੰਬੂਤਰਾ ਚਿਹਰਾ, ਭੈਂਗੀ ਸੱਜੀ ਅੱਖ, ਉਘੜ-ਦੁੱਗੜੀ ਦਾਹੜੀ, ਗਿੱਟਿਆਂ ਤੋਂ ਉੱਚੀ ਸੁਥਣ, ਗੋਢਿਆਂ ਤੀਕ ਲੰਮੀ ਕਮੀਜ਼, ਗਜ਼ ਲੰਮਾ ਪੱਗ ਦਾ ਲੜ ਸੱਜੇ ਮੋਢੇ ਤੋਂ ਅੱਗੇ ਸੁੱਟ ਗਲੀ-ਗਲੀ, ਬਜ਼ਾਰ ਹੌਕੇ ਮਾਰਦਾ। ਉਸ ਦੀ ਪੱਗ ਦੇ ਲੜ ਦੀ ਕੰਨੀ ਕਾਲੀ ਸਿਆਹ ਹੋਈ ਹੁੰਦੀ। ਉਹ ਹੱਥ, ਨੱਕ, ਮੂੰਹ, ਪਸੀਨਾ ਇਸੀ ਲੜ ਦੀ ਕੰਨੀ ਨਾਲ ਪੂੰਝ ਛਡਦਾ।

ਮੋਤੀਆ ਮਾਸੀ ਆਪਣੀ ਬਦਕਿਸਮਤੀ ਦਾ ਰੋਣਾ ਕਿਸ ਅੱਗੇ ਰੋਂਦੀ? ਉਸ ਦੀ ਮਾਂ ਵੀ ਮਰ ਗਈ ਸੀ ਤੇ ਪਿਉ ਦੀ ਲਾਸ਼ ਵੀ ਕੁੱਤਿਆਂ ਗਿੱਧਾਂ ਨੇ ਖਾਧੀ ਹੋਣੀ ਏ। ਦਸਾਂ ਬੰਦਿਆਂ ਜੋਗਾ ਇਕੋ ਹੀ ਕਾਫ਼ੀ ਸੀ ਉਸ ਦਾ ਪਿਉ ਤੇ ਹਾਏ ! ਆਪਣੀਆਂ ਧੀਆਂ ਨੂੰ ਬਚਾਉਂਦਾ ਕਿਵੇਂ ਬਰਛਿਆਂ ਨਾਲ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਕੋਹਿਆ ਗਿਆ ਸੀ। ਅਜ਼ਾਦੀ ਦੀ ਵਾਹੀ ਲਕੀਰ ਦੇ ਪਾਰਲੇ ਪਾਸਿਓਂ ਆਪਣੀ ਧਰਤੀ ਉੱਤੇ ਹੀ ਲਾਸ਼ਾਂ ਦੇ ਢੇਰ ਲੱਗੇ ਸਨ। ਮਾਂ ਨੇ ਕੈਂਪਾਂ ਵਿਚ ਰੁਲਦੇ ਹੀ ਦੋਹੇਂ ਧੀਆਂ ਪਰਾਈਆਂ ਕਰਕੇ ਸੁਰਖਰੂ ਹੋ ਗਈ ਸੀ। ਉਹਦੋਂ ਸਾਰੇ ਤਾਂ ਲੁੱਟੇ-ਪੁੱਟੇ, ਨਾ ਘਰ, ਨਾ ਘਾਟ, ਨਾ ਕੁੱਲੀ ਨਾ ਜੁੱਲੀ। ਇਕੋ ਤਸੱਲੀ ਸੀ ਮਾਂ ਨੂੰ ਦੋਹਾਂ ਧੀਆਂ ਦੇ ਹੱਥ ਇੱਜ਼ਤ ਨਾਲ ਪੀਲੇ ਹੋ ਗਏ ਸਨ। ਸਾਰੇ ਹੀ ਤਾਂ ਡਾਵਾਂਡੋਲ ਸਨ, ਨਿਘਰੇ-ਨਿਆਸਰੇ, ਮੋਇਆਂ ਤੇ ਵਿਛੜੇ ਹੋਇਆਂ ਦੇ ਗ਼ਮ ਵਿਚ ਰਾਤ-ਦਿਨ ਧਕੇਲ ਛਡਦੇ। ਆਪਣੇ ਘਰ ਮੋਤੀਆਂ ਲਈ ਚੰਗੇ-ਚੰਗੇ ਰਿਸ਼ਤੇ ਵੀ ਉਸ ਦੇ ਪਿਉ ਦੇ ਨੱਕ ਹੇਠਾਂ ਨਹੀਂ ਸੀ ਆਉਂਦੇ। ਆਪਣੇ ਘਰ ਮਿਲਖੀ ਦਾ ਸੱਤਾਂ ਪਿੰਡਾਂ ਵਿਚ ਕਿਧਰੇ ਰਿਸ਼ਤਾ ਨਹੀਂ ਸੀ ਹੁੰਦਾ।

ਗਲੀ ਦੇ ਵੱਡੇ ਬੂਹੇ ਕੋਲ ਹੀ ਮਿਲਖੀ ਛਾਬਾ ਰੱਖਦਾ ਸੀ। ਮਿਲਖੀ ਨਹਾਂਦਾ-ਮੋਤੀਆ ਛਾਬੇ ਦਾ ਸਾਮਾਨ ਤਿਆਰ ਕਰਦੀ। ਮਿਲਖੀ ਗਨੇਰੀਆਂ ਕਟਦਾ, ਮੋਤੀਆਂ ਗੰਨੇ ਛਿਲਦੀ ਤੇ ਬੂਹੇ ਤੋਂ ਹੀ ਹੇਕਾਂ ਲਗਾਂਦਾ "ਚੂਪ ਲੈ....ਚੂਪ ਲੈ....ਠੰਡੀਆਂ ਠਾਰ ਨੂ ਗਨੇਰੀਆਂ"। ਕਦੀ ਉਹ ਛਾਬੇ ਲਈ ਮੱਠੀਆਂ ਤਲਦੀ ਕਦੇ ਗੁੜ ਦੇ ਸ਼ਕਰ-ਪਾਰੇ ਬਣਾਂਦੀ ਤੇ ਕਦੇ ਖੰਡ ਦਾ ਕੜਾਹ। ਕੜਾਹ ਦੀ ਬੂਣੀ ਲਈ ਉਹ ਨਾਲ ਦੇ ਘਰੋਂ ਬਾਊ ਜੀ ਦੀ ਨਿੱਕੀ ਕੁੜੀ ਨੂੰ ਬੁਲਾਂਦਾ ਤੇ ਟਕੇ ਦੀ ਪਲੇਟ ਭਰ ਕੇ ਕੜਾਹ ਦੀ ਦੇਂਦਾ-"ਹਿਸ ਮਰਨੇ ਜੋਗੀ ਨੀ ਬੂਣੀ ਬੜੀ ਭਾਗੇਂ ਆਲੀ ਏ....ਮਰੀ ਖੱਡੂ ਦਾ ਕੜਾਹ ਖਾਨੀ ਏ....ਐ ਦੇਖ ਹੁਣੇ ਵਾਪਸ ਆਇਆ" ਉਹ ਚੁਟਕੀ ਵਜਾ ਕੇ ਕਹਿੰਦਾ।

"ਖਡੂ ਦਾ ਕੜਾਹ ਹੀ ਫਿਰ ਬਣਾ ਘਿਤਾ ਕਰ ਨਾ....." ਮਾਸੀ ਮੋਤੀਆਂ ਮੁਸਕ੍ਰਾਂਦੀ ਕਹਿੰਦੀ। ਨਿੱਕੀ ਕੁੜੀ ਲਾਲੀ ਗਰਮ ਗਰਮ ਕੜਾਹ ਖਾਂਦੀ ਮੋਤੀਆ ਦੇ ਕੰਨ ਵਿਚ ਸਰਗੋਸ਼ੀ ਕਰਦੀ "ਮਾਸੀ ਮੋਤੀਆ...ਮਨੂੰ ਤੇਰਾ ਮਾਸੜ ਨ੍ਹੀ ਹਛਾ ਲਗਦਾ...ਲੰਮ-ਸ-ਲੰਮਾ, ਕਾਲਾ, ਭੈਂਗਾ"

"ਬਹੁ ਚੱਤੇ ਨਾ ਕਰਿਆ ਕਰ..." ਉਹ ਮੁੱਸ ਮੁੱਸ ਕਰਦੀ ਚਪੇੜ ਉਗਰਾਂਦੀ। "ਭੈਣ ਰਾਮ, ਵੇਖ ਕੇਹ ਆਖਨੀ ਪਈ ਐ?"

"ਸੱਚ ! ਮਾਸੀ....ਤੂੰ ਇਸ ਨਾਲ ਕਾਜ ਕਿਉਂ ਕੀਤੇ....? ਮੈਂ ਹੋਵਾਂ ਦੌੜ ਕੇ ਝਾਈ ਕੋਲ ਆ ਜਾਵਾਂ....." ਤੇ ਮੋਤੀਆ ਠੰਡਾ ਸਾਹ ਭਰ ਲੈਂਦੀ ਸੀ। "ਤੈਨੂੰ ਮਾਰਦੈ ਨਾ ਬਹੁਤ ਗੰਦੈ" ਮੈਂ ਉਸ ਨੂੰ ਸੋਟੀ ਮਾਰਸਾਂ"

ਮਾਸੀ ਮੋਤੀਆ ਦਾ ਸਾਡੇ ਘਰ ਆਨਾ-ਜਾਣ ਵਧ ਗਿਆ। ਵਿਹਲੀ ਹੁੰਦੀ ਤਾਂ 'ਸ਼ੜਪ' ਕਰਦੀ ਅੰਦਰ ਆ ਵੜਦੀ "ਤੈਂਡਾ ਤਾਂ ਕੰਮ ਹੀ ਨ੍ਹੀ ਮੁਕਦਾ ਭੈਣ-ਲਿਆ ਮੈਂ ਕਰਾਵਾਂ" ਤੇ ਉਹ ਮੇਰੀ ਮਾਂ ਦੇ ਨਿੱਕੇ ਨਿੱਕੇ ਕੰਮ ਸੁਆਰ ਦੇਂਦੀ। ਆਪਣਾ ਦੁਖ-ਸੁਖ ਫਰੋਲਦੀ ਰਹਿੰਦੀ।

ਹੱਥ ਵਿਚ ਬਸਤਾ ਫੜੀ ਸਕੂਲ ਜਾਂਦੇ ਮੈਂ ਲਾਲੀ ਖੌਰੇ ! ਕਿਉਂ ਮਾਸੀ ਮੋਤੀਆ ਦੇ ਵਿਹੜੇ ਵੱਲ ਝਾਤ ਮਾਰਦੀ ਸਾਂ। ਚੁੱਲ੍ਹੇ ਦੇ ਕੋਲ ਪੀੜੀ ਉੱਤੇ ਬੈਠੀ ਗਿੱਲੀਆਂ ਲੱਕੜਾਂ ਨੂੰ ਫੂਕਾਂ ਮਾਰ-ਮਾਰ ਮਾਸੀ ਮੋਤੀਆ ਫਾਵੀ ਹੋ ਜਾਂਦੀ ਸੀ। ਕੱਚੇ ਵਿਹੜੇ ! ਲਿੰਬ ਪੋਚ ਬੂਹੇ ਦੇ ਇਕ ਪਾਸੇ ਉਸ ਗਲੋਅ ਦੀ ਵੇਲ ਲਗਾਈ ਸੀ। ਗਲੋਅ ਦੇ ਕੂਲੇ-ਕੂਲੇ ਚੌੜੇ ਰੇਸ਼ਮੀ ਸਾਵੇ ਪੱਤੇ ਉਸ ਨੂੰ ਬੜੇ ਚੰਗੇ ਲਗਦੇ ਸਨ। ਤੀਲਿਆਂ ਦੀ ਛੱਤ ਉੱਤੇ ਫੈਲੀ ਗਲੋਅ ਦੀ ਛਾਂ ਹੇਠਾਂ ਮਿਲਖੀ-ਮੋਤੀਆ ਬੈਠਦੇ ਸਨ। ਕਿਸੀ ਆਖਿਆ ਸੀ "ਹਿਸਾਂ ਉਖਾੜੀ ਛੋੜ-ਆਖਨੇ ਨੁ ਘਰੇ 'ਚ ਗਲੋਅ ਨਹਿਸ਼ ਹੋਨੀ ਐ....ਜੇ ਨਾ ਫਲੇ ਤਾਂ ਘਰੇ ਆਂ ਉਜਾੜੀ ਪੁਜਾੜੀ ਛੋੜਨੀ ਐ....."। ਮਾਸੀ ਮੋਤੀਆ ਨੇ ਗਲੋਅ ਨਹੀਂ ਸੀ ਉਖਾੜੀ।

ਬੂਹੇ ਦੇ ਦੂਜੇ ਪਾਸੇ ਉਸ ਅੰਗੂਰਾਂ ਦੀ ਵੇਲ ਲਗਾਈ ਸੀ। ਲਵੀਆਂ-ਲਵੀਆਂ ਫੁਟਦੀਆਂ ਅੰਗੂਰਾਂ ਦੀ ਵੇਲ ਦੀਆਂ ਕਰੂੰਬਲਾਂ ਨੂੰ ਉਸ ਦਾ ਘਰ ਵਾਲਾ ਰੱਸੀਆਂ ਨਾਲ ਬੰਨ ਦੇਂਦਾ। ਉਸ ਨੂੰ ਖਿੱਝ ਤਾਂ ਬਹੁਤ ਆਉਂਦੀ ਪਰ ਬੋਲ ਨਾ ਸਕਦੀ। ਮਿਲਖੀ ਸਾਮਾਨ ਵੇਚ ਕੇ ਆਉਂਦੇ ਹੀ ਖਾਲੀ ਛਾਬਾ ਇਥੇ ਹੀ ਬੂਹੇ ਨਾਲ ਲਾ ਕੇ ਰੱਖਦਾ, ਕਮੀਜ਼ ਪਰ੍ਹਾਂ ਵਗਾਹ ਕੇ ਖਟੋਲੇ ਉੱਤੇ ਗਲੋਅ ਦੀ ਛਾਂ ਵਿਚ ਬੈਠ ਜਾਂਦਾ "ਉਫ਼ ! ਕਹਿਰੇ ਦੀ ਗਰਮੀ ਐ....ਆਪਣੇ ਪਾਸੇ ਤਾਂ ਹਿੰਨੀ ਗਰਮੀ ਨਾ ਹੋਨੀ ਆਹੀ....। ਮੋਤੀਆ, ਆਈਂ-ਜ਼ਰਾ ਮਲੇਂ ਨਾ ਕੰਡੀ ਆ ਚਿੰਣਗਾਂ ਮਾਰਨੀ ਐ ਹੇ ਸੜੀ ਪਿੱਤ...." ਤੇ ਮੋਤੀਆ ਹੱਥਲੇ ਸਾਰੇ ਕੰਮ ਛੱਡ ਕੇ ਉਸ ਦੀ ਕੰਡ ਦੇ ਪਿੱਛੇ ਬੈਠ ਇਕ ਹੱਥ ਨਾਲ ਉਸ ਨੂੰ ਪੱਖੀ ਝੱਲਦੀ ਤੇ ਦੂਜੇ ਨਾਲ ਮਿਲਖੀ ਦੀ ਪਿੱਠ ਮਲਦੀ— "ਹੱਥ ਦੁਖਨੇ ਨੂ ਮੱਖਾਂ....ਰੋਟੀਆਂ ਤਾਂ ਛੇ-ਛੇ ਡਫਨੀ ਏ.... ਜ਼ਰਾ ਜ਼ੋਰੇਂ ਨਾਲ ਮਲ ਨਾ।"

ਇਕ ਸਵੇਰ ਸਕੂਲ ਜਾਂਦੇ ਮੈਂ ਰੋਜ਼ ਵਾਂਗ ਮਾਸੀ ਮੋਤੀਆ ਦੇ ਵਿਹੜੇ ਵੱਲ ਤਕਿਆ। ਮਿਲਖੀ ਕੁਹਾੜੀ ਨਾਲ ਲੱਕੜਾਂ ਕੱਟ ਰਿਹਾ ਸੀ। ਮਾਸੀ ਮੋਤੀਆ ਦੀ ਅਵਾਜ਼ ਸੀ- "ਮੱਖੇ ਕੇਹ ਸਲੂਣਾ ਬਣਾਵਾਂ....? ਮਿਘੀ ਸਲੂਣੇ ਆਸਤੈ ਪੈਸੇ ਦੇਈ ਵੰਝਣਾ....ਮੈਂਡੇ ਕੋਲ ਕੱਖ ਨ੍ਹੀਂ—"

"ਇਸ ਹਰਾਮਜ਼ਾਦੀ ਨੂੰ ਦਿਹੁੰ ਚੜ੍ਹਦੇ ਹੀ ਢਿਡੇ ਆਂ ਫੂਕਣੇ ਨੀ ਪਈ ਜਾਨੀ ਏ...ਛਾਬਾ ਨੀ ਲਾਇਆ....ਬੂਣੀ ਨ੍ਹੀ ਕੀਤੀ-ਕੁੱਤੀ ਕੁਸੈ ਪਾਸੇ ਨੀ...." ਤੇ ਲੱਕੜਾਂ ਕਟਦੇ ਵਗਾਹ ਕੇ ਟੋਕਾ ਸੁੱਟਿਆ ਸੀ ਮਿਲਖੀ ਨੇ ਮਾਸੀ ਮੋਤੀਆ ਉੱਤੇ, "ਹਾਂ, ਘਿੰਨ ਹੱਛੀ ਤਰ੍ਹਾਂ ਪੈਸੇ ਸਲੂਣੇ ਆਸਤੈ...." ਤੇ ਟੋਕੇ ਨਾਲ ਮਾਸੀ ਦੇ ਮੱਥੇ ਤੋਂ ਮਾਸ ਇੰਜ ਉਤਰਿਆ ਜਿਵੇਂ ਪੁਰਾਣੀ ਕੰਧ ਤੋਂ ਖਰੇਪੜ ਲੱਥਾ ਹੋਏ। ਮਾਸੀ ਨੇ ਮੱਥੇ ਉੱਤੇ ਹੱਥ ਰਖ ਸਿਰਫ 'ਸੀ ਅ ਅ' ਕੀਤਾ ਸੀ। ਮੈਂ ਬਸਤਾ ਡਿਓਢੀ ਵਿਚ ਹੀ ਸੁੱਟ ਮਾਸੀ ਨੂੰ ਧਰੀਕਦੀ ਸਾਹਮਣੇ ਸੜਕ ਦੇ ਪਾਰ ਡਾਕਟਰ ਨੰਦ ਲਾਲ ਕੋਲ ਲੈ ਗਈ ਸਾਂ। ਸਾਰੇ ਰਸਤੇ ਲਹੂ ਦੀ ਇਕ ਲਕੀਰ ਜਿਹੀ ਸੜਕ ਉੱਤੇ ਪੈ ਗਈ ਸੀ। ਹਫ਼ਦੇ ਹਫ਼ਦੇ ਮਾਸੀ ਨੇ ਕਿਹਾ ਸੀ "ਬੂਹੇ ਕੋਲ ਡਿੱਗ ਪਈ ਆਂ— ਤੇ ਕੁੰਡੀ ਸਿਰ ਵਿਚ ਲਗ ਗਈ ਏ" ਮੈਂ ਹੈਰਾਨ ਪਰੇਸ਼ਾਨ ਮਾਸੀ ਦਾ ਚਿਹਰਾ ਹੀ ਨਿਹਾਰਦੀ ਰਹੀ। "ਲਾਲੀ, ਝਾਈ ਨੂੰ ਜਾ ਕੇ ਨਾ ਕਹੀਂ ਚੰਗੀ ਬੱਚੀ ਏਂ ਨਾ ਤੂੰ ਮੇਰੀ- ਜਾ ਸਕੂਲ ਵੰਝ— ਦੇਰ ਹੋ ਵੈਸੀਆ...."

ਮੈਂ ਰੌਣ ਹਾਕੀ ਜਿਹੀ ਹੋ ਗਈ ਸਾਂ "ਮਾਸੀ ਜਦੋਂ ਤੈਨੂੰ ਮਾਸੜ ਮਾਰਦੈ ਨਾ— ਮੇਰਾ ਦਿਲ ਕਰਦੈ ਉਸ ਦਾ ਛਾਬਾ ਟੰਗ ਮਾਰ ਕੇ ਪਰ੍ਹਾਂ ਸੁਟ ਦੇਵਾਂ— ਤੇ ਲੰਮੀ ਬੋਦੀ ਛਿਕ ਕੇ ਦੌੜ ਜਾਵਾਂ"

ਮਾਸੀ ਨੇ ਮੈਨੂੰ ਹਿਕ ਨਾਲ ਚਮੋੜ ਲਿਤਾ ਸੀ "ਹਿੰਝ ਨਾ ਆਖਿਆ ਕਰ ਲਾਲੀ....ਕੇ ਪਤਾ ਹੋਂਦੇ ਨਸੀਬੇਂ ਦਾ— ਮੱਖ, ਕਰਮਾਂ ਦੀ ਖੇਡ....ਆਖਣੇ ਨ ਨਾ ਧੀਆਂ ਦੇ ਦੋ ਜਨਮ ਹੋਣੇ ਨ— ਮੈਂਡਾ ਨੱਕ ਵੀ ਕਦੇ ਬੜਾ ਉੱਚਾ ਆਇਆ...." ਤੇ ਉਸ ਦੀਆਂ ਅੱਖਾਂ ਦਾ ਹੜ ਥੰਮਿਆ ਨਾ ਜਾਂਦਾ "ਚਲ, ਮੱਖਾਂ ਜਾ ਸਕੂਲੇ ਆਂ...."

ਮੱਖਾਂ ! ਉਹ ਕਿਹੜੇ ਅੰਦਾਜ਼ ਨਾਲ ਕਹਿੰਦੀ ਸੀ? ਉਸ ਦੇ ਹੋਂਠ ਭਰ ਜਿਹੇ ਜਾਂਦੇ, ਭਰੇ ਭਰਾਏ ਹੋਠਾਂ ਨਾਲ ਮੁਸਕਰਾਉਂਦੀ ਹੋਰ ਸੋਹਣੀ ਲਗਦੀ। ਮੱਖਾ ! ਕਹਿੰਦੇ ਉਸ ਦੀਆਂ ਨਾਸਾਂ ਵੀ ਫੁਲ ਜਾਂਦੀਆਂ। ਮਿਲਖੀ ਤਾਂ ਉਸ ਨੂੰ ਕਦੀ ਬੂਹੇ ਵਿਚ ਵੀ ਨਹੀਂ ਸੀ ਖਲੋਣ ਦੇਂਦਾ "ਬੂਹੇ 'ਚ ਖੜੋਈ ਕੈ ਹਸਨੀ ਏਂ— ਹੈਂ.....ਕੁਸ ਕੀ ਦਸਣੇ ਨੂ ਇਹ ਚਪੜਖੇ ਦੰਦ.....? ਭੰਨੀ ਨਾ ਛੋੜੇ ਤਾਂ ਕੁਸ ਆਖਣਾ ਮਿਘੀ ਮਿਲਖੀ.....ਅੱਗੇ ਲੋਕ ਆਖਣੇ ਨੁ ਲਗੇਨ ਤੁਗੀ ਮੋਤੀ....ਜੇ ਮੈਂਡੇ ਘਰੇ ਆਲੀ ਨਾ ਦਿਸ ਨੀ ਰੰਡ ਕੁੱਸੈ ਪਾਸੇ ਦੀ...."

ਹਰ ਵੇਲੇ ਸ਼ਕ ਕਰਦਾ ਰਹਿੰਦਾ ਮਿਲਖੀ, ਕਿਸੀ ਨਾਲ ਗੱਲ ਕਰਦੀ ਤਾਂ ਗਾਹਲਾਂ, ਕਿਸੀ ਆਂਢੀ-ਗੁਆਂਢੀ ਦੇ ਘਰ ਬੈਠ ਜਾਂਦੀ ਤਾਂ ਮਾਰ....। ਲਾਲੀ ਦੀ ਮਾਂ ਨਾਲ ਹੀ ਸਾਥ ਸੀ....। ਮੋਤੀਆ ਵਿਚਾਰੀ ਨੂੰ ਕਦੇ ਨਵਾਂ ਕਪੜਾ ਤਾਂ ਜੁੜਿਆ ਹੀ ਨਹੀਂ ਸੀ ਜੇ ਕਿਧਰੇ ਛੀਟ ਦਾ ਧੋਤਾ ਸਾਫ਼ ਕਪੜਾ ਪਾ ਲਏ ਤਾਂ ਸ਼ਾਮਤ ਆ ਜਾਂਦੀ— "ਕਿਹੜੇ ਯਾਰੇਂ ਕੀ ਦਸਣਾ ਈ ਬਣ-ਠਣ ਬੋਹਦੀ ਹੈ.....ਕੰਜਰੀ ਕੁੱਸੈ ਪਾਸੇ ਨੀ...."

ਉਫ਼ ! ਉਹਦੋਂ ਮਲਮਲ ਦੀ ਚੁੰਨੀ ਨੂੰ ਖੂੰਗੀ ਲਗੀ ਤਾਂ ਕਿਤਨੀ ਮਾਰ ਪਈ ਸੀ ਉਸਨੂੰ —"ਹਿਸ ਹਰਾਮਣ ਗੀ ਕੇਹ ਕੋਈ ਕਪੜਾ ਆਣੀ ਦੇਏ.....ਸ਼ਈ ਨਾ ਪਾਣਾ ਨ੍ਹੀ ਆਂਦਾ— ਸ਼ਈ ਨਾ ਲਾਣਾ ਨ੍ਹੀ ਆਂਦਾ....ਨਵੀਂ ਚੁੰਨੀ ਫਾੜੀ ਛੋੜੀਸ....ਕਮਾਣ ਆਲੇ ਕੀ ਪਤਾ ਲਗਨੈ ਨਾ-ਘਿੰਝ ਹੋਂਦੀ ਏ ਕਮਾਈ" ਤੇ ਉਸ ਛਾਬੇ ਵਿਚੋਂ ਸੇਰ ਦਾ ਵੱਟਾ ਚੁੱਕ ਉਸ ਦੇ ਸਿਰ ਵੱਲ ਵਗਾਹ ਮਾਰਿਆ ਸੀ। ਜੇ ਉਹ ਅਗੇ ਹੱਥ ਦੇ ਕੇ ਰੋਕਦੀ ਨਾ ਤਾਂ ਉਸ ਦਾ ਸਿਰ ਹੀ ਫਟ ਜਾਂਦਾ। ਉਹ ਰੋਂਦੀ-ਰੋਂਦੀ ਤਲੀ ਦਬਾਂਦੀ ਲਾਲੀ ਦੀ ਮਾਂ ਕੋਲ ਆ ਬੈਠੀ ਸੀ ਤੇ ਸੇਰ ਦੇ ਲੋਹੇ ਦੇ ਵੱਟੇ ਨਾਲ ਕੋਠੜੀ ਦੀ ਕੱਚੀ ਜ਼ਮੀਨ ਉੱਤੇ ਡੂੰਘਾ ਟੋਇਆ ਪੈ ਗਿਆ ਸੀ।

ਕੋਠੜੀ-ਵਿਹੜਾ ਲੰਘ ਕੇ ਅੰਦਰ ਇਕ ਕੋਠੜੀ ਸੀ ਲੰਮ-ਸ-ਲੰਮਾ ਇਕੋ ਕਮਰਾ, ਸਾਫ਼ ਸੁਧਰਾ ਮਿੱਟੀ ਨਾਲ ਪੋਚਿਆ ਹੋਇਆ। ਹਨ੍ਹੇਰਾ-ਹਨ੍ਹੇਰਾ, ਸਾਹਮਣੇ ਕਾਨਸ ਉੱਤੇ ਲਾਲ-ਪੀਲੇ ਕਢੇ ਹੋਏ ਫੁੱਲਾਂ ਵਾਲੇ ਕਪੜੇ ਉੱਤੇ ਕੱਚ ਦੇ ਗਿਲਾਸ, ਪਲੇਟਾਂ, ਕਟੋਰੀਆਂ ਸਜੀਆਂ ਹੋਈਆਂ। ਇਕ ਨੁੱਕਰ ਵਿਚ ਚਿੱਟੇ ਕੱਪੜਿਆਂ ਨਾਲ ਢਕੇ ਦੋ ਤਿੰਨ ਪੁਰਾਣੇ ਟਰੰਕ, ਛੱਤ ਨਾਲ ਦੋ ਰੱਸੀਆਂ ਦੀ ਜਕੜ ਨਾਲ ਲਟਕਦਾ ਡੰਡਾ ਤੇ ਡੰਡੇ ਉੱਤੇ ਰਖੀਆਂ ਰਜ਼ਾਈਆਂ, ਤੁਲਾਈਆਂ, ਖੇਸ, ਦਰੀਆਂ। ਕੋਠੜੀ ਵਿਚ ਤਿੰਨ ਮੰਜੀਆਂ, ਦੋ ਜੁੜੀਆਂ ਹੋਈਆਂ ਤੇ ਇਕ ਜ਼ਰਾ ਪਰ੍ਹੇ ਉਸ ਦੀ ਸੱਸ ਦੀ ਮੰਜੀ ਸੀ। ਸੱਸ ਤਾਂ ਕਈ ਵਾਰ ਬੱਚੇ ਦਾ ਮਿਹਣਾ ਮਾਰ ਚੁੱਕੀ ਸੀ।

"ਹੋਰ ਦੇਖ ਲੈਨੀਆਂ ਥੋੜ੍ਹਾ ਚਿਰ....ਆਪਣੇ ਮਿਲਖੀ ਦਾ ਦੂਜਾ ਕਾਜ ਕਰਾਈ ਛੋੜਸਾਂ....ਹਿਕ ਉਹ ਕਾਲ ਕਲੂਟ...ਧੰਨੀ ਕੁੜੀਆਂ ਦੀ ਜੰਮਦੀ ਵੈਂਦੀ ਏ ਰੰਡਾਂ....ਹਰ ਸਾਲ ਪੱਥਰ ਮਾਰਦੀ ਏ....ਮੈਂਡੇ ਸਿਰ ਚ....ਹੇ ਹਿਕ ਏ ਹੱਟੀ ਕੱਟੀ ਇਸੀ ਮੋਤੜੀ ਪਈ ਏ.....ਸੁਕੜ....ਮਾਂ ਨੇ ਸਾਡੇ ਗੱਲ ਮੜੀ ਦਿੱਤੀ ਏ— ਕੋਈ ਨਾਂ ਭੀ ਨਾ ਲੈਸੀ ਮੈਂਡੇ ਪੁੱਤਰ ਨਾ....ਕੁਲ ਤੇ ਨਾ ਨਾ ਡੋਬਣੀ। ਕੋਈ ਵਾਰਸ ਤੇ ਹੋਏ"

ਮੋਤੀਆ ਦੀ ਸੱਸ ਨੇ ਪੀਰ-ਫਕੀਰ, ਡਾਕਟਰ, ਨਰਸਾਂ, ਦਾਈਆਂ, ਧਾਗੇ-ਤਵੀਤ, ਝਾੜੇ-ਫੂਕੇ ਕੋਈ ਵੀ ਤਾਂ ਦਰ ਨਹੀਂ ਸੀ ਛੱਡਿਆ। ਮੋਤੀਆ ਜਾਣਦੀ-ਬੁਝਦੀ ਵੀ ਜ਼ਬਾਨ ਨਾ ਖੋਹਲ ਸਕੀ "ਆਪਣੇ ਪੁੱਤਰੇ ਆਂ ਬੀ ਡਾਕਟਰੇ ਗੀ ਦਸੀ ਲੈ। ਪੁੱਤਰ ਬਾਰੇ ਸ਼ੱਕ ਹੁੰਦੇ ਵੀ ਉਹ ਮੋਤੀਆ ਨੂੰ ਹੀ ਕੋਸਦੀ। ਕਈ ਵਾਰੀ ਉਸ ਗਲੋਅ ਦੀਆਂ ਜੜ੍ਹਾਂ ਪੁੱਟੀਆਂ "ਹਿਸੇ ਕਰੀ ਨਾ ਵਧਨਾ ਫੁਲਨਾ...."

ਪਰ ਮਿਲਖੀ ਫੇਰ ਗਲੋਅ ਲਗਾ ਦੇਂਦਾ "ਮੱਖੇ...ਬੇਬੇ....ਬਹੁਂ ਵਹਿਮ ਨਾ ਕਰਿਆ ਕਰ। ਕੋਠੜੀ ਦੇ ਬੂਹੇ ਦੇ ਸਾਹਮਣੇ ਇਕ ਲੰਮੀ ਇੱਟ ਪੁੱਟੀ ਹੋਈ ਸੀ ਸਾਂਝੀ ਕੰਧ ਦੂਜੇ ਘਰ ਮਿਲਖੀ ਦਾ ਭਰਾ ਤੇ ਭਰਜਾਈ ਧੰਨੀ ਰਹਿੰਦੇ ਸਨ ਤੇ ਮੋਤੀਆ

ਆਪਣੀ ਦਿਉਰਾਣੀ ਧੰਨੀ ਨਾਲ ਸਲੂਣੇ ਦੀਆਂ ਕਟੋਰੀਆਂ ਵਟਾ ਲੈਂਦੀ, ਗੱਲਬਾਤ ਕਰ ਲੈਂਦੀ ਕੰਧ ਦੇ ਪਰਲੇ ਪਾਸੇ।

ਇਕ ਦਿਨ ਮਾਸੀ ਮਾਂ ਕੋਲ ਦੌੜਦੀ ਦੌੜਦੀ ਆਈ। "ਭੈਣ.....ਹੇ ਭੈਣ ਰਾਮ...." ਤੇ ਉਹ ਦੋਹੇਂ ਤਲੀਆਂ ਮਲ ਰਹੀ ਸੀ।"ਮੱਖਾਂ ਲਾਲੀ ਕਿੱਥੇ ਐ.....?"

"ਹੁਣੇ ਆਈ ਏ ਕਾਲਜ ਤੋਂ....ਪਿਛਲੇ ਕਮਰੇ 'ਚ ਹੋਸੀ...."

"ਮੈਂਡੀ ਗਲ ਤਾਂ ਨਾ ਸੁਣਸੀ ਨਾ ?"

"ਹਾਂ ਬੋਲ....' ਮਾਂ ਨੇ ਅੰਦਰ ਵੱਲ ਝਾਤੀ ਮਾਰਦੇ ਕਿਹਾ।

ਮੈਂ ਦਰਵਾਜ਼ੇ ਪਿੱਛੇ ਅਲਮਾਰੀ ਵਿਚ ਕਿਤਾਬਾਂ ਰੱਖ ਰਹੀ ਸਾਂ।

"ਹਾਏ ! ਡਾਹਢਾ ਗ਼ਜ਼ਬ.....। ਕੁੱਥੈ ਭੁਗਤਸੇ ਦੰਨੀ ਬੰਦੜੀਏ....! ਕਿਹਡੀ ਅੱਗ ਐ ਤੁਗੀ....ਸ਼ਕਲ ਤਾਂ ਤਕ....ਕਾਲੀ ਸਿਆਹ ਠੁਬਲ ਜਿਹੀ....।ਭੈਣ, ਛੋਟੀ ਕੁੜੀ ਰੋਈ ਜਾਏ— ਰੋਈ ਜਾਏ....ਮੈਂ ਅਵਾਜ਼ ਦਿੱਤੀ, ਮੱਖਾ ਧੰਨੀਏ ਕੁੜੀ ਕਿਉਂ ਰੁਆਨੀ ਪੇਈਂ ਏ....? ਠੀਕ ਤਾਂ ਹੈ ਨਾ....? ਫਾਵੀ ਹੋ ਗਈ ਕੁੜੀ ਰੋ ਰੋ ਕੇ। ਤੇ ਭੈਣ ਅੱਖਾਂ ਸੜਨ ਮੈਂਡੀਆਂ.... ਕੇਹ ਡਿੱਠਾ..... ਕਮਰੇ ਵਿਚੋਂ ਚਾਚਾ ਮੁਰਾਰੀ ਲਾਂਗੜ ਦੀ ਗੰਢ ਬੰਨਦਾ ਨਿਕਲਿਆ....ਹਾਏ ! ਨਿਗਾਰ ਕੁਠੀਏ, ਹੇ ਕੈਹ?" ਤੇ ਉਹ ਦੋਹੇਂ ਹੱਥ ਮਲਦੀ ਨੇ ਪਹਿਲਾਂ ਕੰਨਾਂ ਨੂੰ ਹੱਥ ਲਾਇਆ ਫੇਰ ਧਰਤੀ ਨਾਲ ਅੱਖਾਂ ਜੋੜ ਲਈਆਂ— "ਮਿਘੀ ਤਾਂ ਸਹੁੰ ਰਬ ਦੀ ਕਦੇ ਘਰੇ ਆਲੇ ਦਿਨ ਨੂੰ ਨਹੀਂ....!"

ਕੋਠੜੀ ਵਿਚ ਸਾਹਮਣੇ ਤਿਪਾਈ ਉੱਤੇ ਪਈ ਲਾਲਟੈਣ ਦੇ ਚਮਕਦੇ ਸ਼ੀਸ਼ੇ ਵਿਚੋਂ ਸੜੀ ਹੋਈ ਬੱਤੀ, ਸੜ ਕੇ ਵੀ ਸਿਰ ਉੱਚਾ ਚੁੱਕੀ ਖਲੋਤੀ ਰਹਿੰਦੀ। ਰਾਤੀ ਜ਼ਰਾ ਖੜਾਕ ਹੁੰਦੇ ਹੀ ਉਸ ਦੀ ਸੱਸ ਲਾਲਟੈਣ ਦੀ ਬੱਤੀ ਉੱਚੀ ਕਰ ਦੇਂਦੀ ਸੀ, ਉੱਚੇ-ਉੱਚੇ ਸਾਹ ਲੈਣ ਲੱਗ ਪੈਂਦੀ ਸੀ। ਸਵੇਰੇ ਸਾਰਾ ਗੁੱਸਾ ਮਿਲਖੀ ਮੋਤੀਆ ਉੱਤੇ ਕਢਦਾ, ਉਸ ਦੀ ਸ਼ਾਮਤ ਆ ਜਾਂਦੀ। ਉਸ ਦੇ ਮ੍ਰਿਗ ਨੈਣ ਦਹਿਲ ਕੇ ਸਹਿਮ ਜਾਂਦੇ। "ਤੈਂਡੀ ਚਿੱਟੀ ਚਮੜੀ ਸਾੜੀ ਛੋੜਸਾਂ—ਬਹੁ ਮਾਣ ਐ ਨਾ ਤੁਗੀ?"

"ਮਾਸੀ ਤੂੰ ਡਮਣੀ ਚੁੱਕ ਕੇ ਮਾਸੜ ਦੇ ਸਿਰ ਵਿਚ ਹਿਕ ਵਾਰੀ ਮਾਰ ਵਤ ਨਾ ਮਾਰਸੀਆ" ਮੈਂ ਕਹਿੰਦੀ ਤਾਂ ਉਹ ਠੰਡਾ ਸਾਹ ਭਰ ਕੇ ਮੇਰੇ ਵਲ ਵੇਖਦੀ "ਹਿੰਝ ਨਾ ਆਖ— ਫੇਰ ਕੁੱਥੇ ਵੰਞਸਾਂ....ਕਦੇ ਜ਼ਨਾਨੀ ਵੀ ਹੱਥ ਚੁਕਦੀ ਏ....? ਵਾਹਿਗੁਰੂ ਵਾਹਿਗੁਰੂ ਕੈਹ....ਰਬ ਤੁਗੀ ਭਾਗ ਲਾਏ....ਚੰਗਾ ਵਰ-ਘਰ ਮਿਲੈ"....

"ਨਹੀਂ ਤਾਂ ਮੈ ਦੂਖ ਨਿਵਾਰਨ ਸਰੋਵਰ ਵਿਚ ਡੁਬ ਜਾਸਾਂ....ਇਹੋ ਜਿਹੀ ਜ਼ਿੰਦਗੀ ਤੋ ਤਾਂ...."

"ਮਰਨਾ ਕਿਹੜਾ ਸੋਖਾ ਧੀਏ।" ਉਹ ਮੇਰਾ ਸਿਰ ਪਲੋਸਦੀ ਸੀ।

ਇਵੇਂ ਹੀ ਭਾਣਾ ਵਰਤਿਆ ਇਕ ਦਿਨ, ਮਿਲਖੀ ਛਾਬੇ ਸਮੇਤ ਬਜ਼ਾਰ ਵਿਚ ਹੀ ਡਿਗ ਪਿਆ। ਮੂੰਹ ਵਿਚੋਂ ਝਗ ਛਡਦਾ.....ਬੇਹੋਸ਼....। ਸੜਕ ਦੇ ਪਾਰ ਵਾਲੇ ਡਾ. ਨੰਦ ਲਾਲ ਦਾ ਸ਼ੱਕ ਠੀਕ ਹੀ ਨਿਕਲਿਆ। ਮਿਲਖੀ ਦੀ ਲੱਤ ਉੱਤੇ ਪਾਗ਼ਲ ਕੁੱਤੇ ਨੇ ਵੱਡਿਆ ਸੀ ਪਰ ਉਸ ਗੌਲਿਆ ਨਾ। ਉਹ ਪਾਗ਼ਲਾਂ ਵਾਂਗ ਗਾਹਲਾਂ ਕੱਢਦਾ, ਉਲੂ-ਜਲੂਲ ਬਕਦਾ। ਮੂੰਹ ਵਿਚੋਂ ਝਗ ਨਿਕਲਦੀ, ਕਤੂਰਿਆਂ ਵਾਂਗ 'ਚਉਂ-ਚਉਂ ਕਰਦਾ ਰਹਿੰਦਾ। ਉਹਦੇ ਡਿੱਢ ਵਿਚ ਕਈ ਟੀਕੇ ਲਗੇ- ਉਹ ਹਰ ਵੇਲੇ ਮੋਤੀਆ ਨੂੰ ਬੁਲਾਉਂਦਾ "ਮੋਤੀਆ...... ਹੇ ਮੈਂਡੇ ਮੋਤੇ......ਮੋਤੀਆ ਜੀ......ਹਿੱਕ ਵਾਰੀ ਮੈਂਡੇ ਕੋਲ ਆ ਵੰਞ...... ਹਿਕ ਵਾਰੀ ਆ ਜਾ, ਤੁਗੀ ਕੁਝ ਨਾ ਕਹਿਨਾ......ਮਿਘੀ ਹਿਕ ਵਾਰੀ।" ਉਹ ਸ਼ਰਮਸਾਰ ਹੋਈ ਇਕ ਗੋਡੇ ਨੂੰ ਧਰਤੀ ਨਾਲ ਜੋੜ ਦੂਜੇ ਖੜ੍ਹੇ ਗੋਡੇ ਉੱਤੇ ਠੋਡੀ ਰੱਖ ਰੋਂਦੀ ਰਹਿੰਦੀ। ਕੁਝ ਦਿਨਾਂ ਬਾਅਦ ਆਉਣ ਵਾਲੀ ਘੜੀ ਦੀ ਡਾਕਟਰ ਨੇ ਚਿਤਾਵਨੀ ਦੇ ਦਿੱਤੀ ਸੀ।

ਕਿਹੋ ਜਿਹੇ ਦਿਨ ਸਨ—? ਹਰ ਵੇਲੇ ਲੋਕਾਂ ਦੀ ਭੀੜ ਮਿਲਖੀ ਨੂੰ ਵੇਖਣ ਲਈ ਲਗੀ ਰਹਿੰਦੀ ਸੀ। ਕੋਈ ਹਮਦਰਦ......ਕੋਈ ਤਮਾਸ਼ਬੀਨ......ਤੇ ਮਾਸੀ ਮੋਤੀਆ ਮੂੰਹ ਉੱਤੇ ਹੱਥ ਧਰੀ ਪੱਥਰ ਦੀ ਮੂਰਤੀ ਜਿਹੀ ਹਰ ਚਿਹਰੇ ਨੂੰ ਵੇਖਦੀ.....ਗਲਾਂ ਸੁਣਦੀ।

ਮਿਲਖੀ ਤਰਲੇ ਕਰਦਾ......ਮਾਫੀਆਂ ਮੰਗਦਾ ਜਦੋਂ ਥੱਕ ਜਾਂਦਾ ਤਾਂ ਬੂਹੇ ਦੀ ਝੀਥ ਕੋਲ ਮੂੰਹ ਕਰ ਕੇ ਗੰਦੀਆਂ ਗਾਹਲਾਂ ਬਕਦਾ, ਉਸ ਦੇ ਅਗਲੇ-ਪਿਛਲੇ ਪੁਣ ਛਡਦਾ—"ਮਿਘੀ ਹਿਕ ਵਾਰ ਬਾਹਰ ਆਣ ਦੇ......ਤੈਂਡੀ ਚਿੱਟੀ ਚਮੜੀ ਉਧੇੜ ਛੋੜਸਾਂ—ਧਾਰਾਂ ਕੋਲ ਵੈਣਾ ਹੋਸੀਆ—ਜਿਹੜੇ ਆਖਨੇ ਨ ਮੋਤੀ ਦਾਨ ਕੀਤੇ ਤੂੰ, ਹਿਓ ਜਿਹੀ ਵਹੁਟੀ ਮਿਲੀ......ਤੂੰ ਮਾਰੀ ਮਾਰੀ ਖਲ ਉਧੇੜ ਛੋੜੀ ਏ ਸ਼ੋਹਦੀ ਨੀ"

ਕੋਠੜੀ ਵਿਚ ਰੋਟੀ ਪਾਣੀ ਰਖਦੈ ਉਸ ਮੋਤੀਆ ਦੀ ਬਾਂਹ ਐਸੀ ਪਕੜੀ ਕਿ ਛੁਡਾਉਣੀ ਮੁਸ਼ਕਲ ਹੋ ਗਈ। ਕੋਠੜੀ ਵਿਚ ਪਏ ਬਿਸਤਰੇ ਉਸ ਲੀਰੋ ਲੀਰ ਕਰ ਦਿੱਤੇ। ਕਾਨਸ ਉੱਤੇ ਸਜੇ ਭਾਂਡੇ ਸਭ ਤੋੜ ਦਿੱਤੇ। ਕਮਰੇ ਦੀਆਂ ਝੀਥਾਂ ਵਿੱਚੋਂ ਬੋਅ ਬਾਹਰ ਆਉਂਦੀ-ਮੋਤੀਆ ਦਾ ਨੱਕ ਸੜ ਜਾਂਦਾ। ਛੋਟੇ ਭਰਾ ਨੇ ਵੀ ਆਪਣੇ ਪਾਸੇ ਤੋਂ ਕੰਧ ਵਿਚ ਇੱਟ ਲਗਾ ਦਿੱਤੀ। ਮਿਲਖੀ ਤਾਂ ਪੁਟੀ ਹੋਈ ਇੱਟ ਦੇ ਅੱਗੇ ਮੂੰਹ ਰੱਖ ਕੁੱਤਿਆਂ ਵਾਂਗ ਭੌਂਕਦਾ ਸੀ।

ਇਕ ਦਿਨ ਸਵੇਰੇ ਮਿਲਖੀ ਦੀ ਕੋਠੜੀ ਵਿਚੋਂ ਅਵਾਜ਼ ਆਉਣੀ ਬੰਦ ਹੋ ਗਈ। ਮਾਸੀ ਮੋਤੀਆ ਦੇ ਸਿਰ ਤੋਂ ਫਟੀ ਹੋਈ ਚੁੰਨੀ ਵੀ ਉਤਰ ਗਈ। ਉਹ ਸਿਰੋਂ ਨੰਗੀ ਹੋ ਗਈ ਸੀ। ਬਿਰਾਦਰੀ ਦੇ ਚੌਧਰੀ ਚਾਚੇ ਮੁਰਾਰੀ ਨੇ ਕਿਹਾ ਸੀ 'ਹਿਥੈ ਘਰੇ 'ਚ ਰਹੇ, ਅੰਨੀ ਚਾਚੀ ਦੀ ਸੇਵਾ ਕਰੇ......ਮੈਂਡਾ ਘਰ ਭੀ ਵਸ ਜਾਸੀ......ਘਰੇ ਦੀ ਇਜ਼ਤ ਘਰੇ 'ਚ ਹੀ......"

"ਨਾ ਜੀ......ਲੋਕੇਂ ਦੇ ਭਾਂਡੇ ਟੀਂਡੇ ਮਾਜੀ ਐ ਦੋ ਟੁਕਰ ਖਾ ਲੈਸਾਂ"

ਮਾਸੀ ਮੋਤੀਆ ਸਾਡੇ ਘਰ ਵੀਹ ਚੱਕਰ ਮਾਰਦੀ "ਮਿਘੀ ਤਾਂ ਘਰ ਖਾਣੇ ਕੀ ਦੌੜਦੈ ਮੱਖਾਂ......! ਉਹ ਜਾਣੇ ਸਿਰ ਦੇ ਸਾਂਈਂ ਨਾਲ ਘਰ ਤਾਂ ਵਸਨਾ ਆਇਆ" ਉਹ ਰੋਂਦੀ ਕਹਿੰਦੀ।

"ਸ਼ੁਕਰ ਨੀ ਕਰਦੀ ਮਾਸੀ ਤੂੰ ਮਾਰਾਂ ਤੋਂ ਬਚੀ ਏਂ......"

"ਹਿੰਝ ਨਾ ਆਖ...... ਰਬ ਦੀ ਮਾਰ ਆਸਤੈ ਕਿਸ ਨੂੰ ਆਖਾਂ, ਮੱਖੋ !............

****

ਮੇਰੇ ਵਿਆਹ ਵਿਚ ਕਾਰ ਮੁਖ਼ਤਿਆਰ ਹੀ ਮਾਸੀ ਮੋਤੀਆ ਸੀ। ਉਸ ਨੇ ਰਸੋਈ ਦਾ ਸਾਰਾ ਕੰਮ ਸੰਭਾਲਿਆ ਸੀ। ਹਫ਼ਤਾ ਪਹਿਲਾਂ ਹੀ ਉਸ ਨੇ ਮੱਠੀਆਂ, ਸ਼ਕਰ-ਪਾਰੇ, ਨੁਗਦੀ ਸਭ ਬਣਾ ਕੇ ਟੀਨ ਭਰ ਲਏ ਸਨ। ਚਾਂਈਂ-ਚਾਂਈਂ ਮਟਕਦੀ ਸਾਰਾ ਕੰਮ ਨਿਭਾਉਂਦੀ ਜਿਵੇਂ ਉਸ ਦੀ ਆਪਣੀ ਜਾਈ ਦਾ ਵਿਆਹ ਹੋਏ।

ਘਰ ਵਿਚ ਥੋੜ੍ਹੀ ਹਫੜਾ-ਦਫੜੀ ਪਈ ਸੀ। ਗੱਡੀ ਜਿਸ ਉੱਤੇ ਜੰਞ ਆਉਣੀ ਸੀ ਦੇ ਪਹੁੰਚਣ ਦਾ ਵੇਲਾ ਸੀ। ਵਡਿਆਂ ਨੇ ਸਟੇਸ਼ਨ ਜਾਣਾ ਸੀ, ਹੋਟਲ ਜੰਞ ਰੁਕਵਾਣੀ ਸੀ, ਖਾਣ-ਪੀਣ ਦਾ ਇੰਤਜ਼ਾਮ ਕਰਨਾ ਸੀ।

ਮੈਂ ਸਹੇਲੀਆਂ ਵਿਚ ਘਿਰੀ ਸਾਂ। ਕੁੜੀਆਂ ਨੇ ਸ਼ੋਰ-ਸ਼ਰਾਬਾ ਮਚਾਇਆ ਸੀ। ਮਾਸੀ ਮੋਤੀਆ ਨਵਾਂ ਸੂਟ ਪਾ ਕੇ ਸੱਜ-ਧਜ ਮੇਰੇ ਕੋਲ ਬੈਠ ਕੰਨ ਵਿਚ ਕਹਿਣ ਲਗੀ— "ਆਪੂੰ ਵੇਖਸਣ ਰੋਟੀ ਸੋਟੀ......ਮਿਘੀ ਤਾਂ ਪਹਿਲੇ ਤੇਰਾ ਮਹਾਰਾਜ ਵੇਖਣ ਜਾਣੈ ਲਾਲੀ......ਜੇ ਕੁਧਰੇ ਤੈਂਡੇ ਮਾਸੜ ਆਂਗਰ......ਭੈੜਾ ਭੜਥਾ......ਫੇਰ?"

"ਦੁਖ ਨਿਵਾਰਨ ਦੇ ਸਰੋਵਰ......" ਤੇ ਉਸ ਮੇਰੇ ਮੂੰਹ ਅੱਗੇ ਹੱਥ ਰਖ ਦਿੱਤਾ, "ਮੱਖਾਂ ! ਬਹੁ ਚੱਤੋ ਨਾ ਕਰਿਆ ਕਰ......ਸੁਖਾਂ ਨਾਲ......"

ਤੇ ਹੋਟਲ ਤੋਂ ਵਾਪਸ ਆ ਕੇ ਉਸ ਨੇ ਜ਼ੋਰ ਦੀ ਤਾੜੀ ਮਾਰ ਕੇ ਇਕ ਭੁਆਂਟਣੀ ਲਈ ਤੇ ਝੂੰਮਦੀ ਨੇ ਹੱਸਦੇ ਹੱਸਦੇ ਸਿਰ ਹਿਲਾਇਆ ਤੇ ਅੰਗੂਠਾ ਤੇ ਪਹਿਲੀ ਉਂਗਲੀ ਜੋੜ ਕੇ ਅੱਖ ਮਾਰੀ।

ਮੈਂ ਝੇਂਪ ਜਿਹੀ ਗਈ ਸਾਂ, ਕੁੜੀਆਂ ਹੋਰ ਮਚਲੀਆਂ, ਹੋਰ ਸ਼ੋਰ ਮਚਾਇਆ ਸੀ।

****

ਇਕਦਮ ਬਿਜਲੀ ਆਈ। ਚਾਨਣ-ਚਾਨਣ ਪਸਰਿਆ। ਮੈਂ ਯਾਦਾਂ ਦੇ ਕਿਹੜੇ ਭੁੱਲੇ ਵਿਸਰੇ ਪਲੰਦਿਆਂ ਹੇਠਾਂ ਦਬ ਗਈ ਸਾਂ? ਸਾਹਮਣੇ ਤਾਂ ਨਵਾਂ ਬਣਿਆ ਪੱਕਾ ਸੋਹਣਾ ਸੰਗਮਰਮਰ ਦੇ ਫਰਸ਼ ਵਾਲਾ ਘਰ ਸੀ। ਮੈਂ ਸਿਰ ਛੰਡਿਆਂ ਤੇ ਮਾਂ ਦੇ ਘਰ ਦੀਆਂ ਪੌੜੀਆਂ ਚੜ੍ਹ ਗਈ।

# ਬੱਚਿਆਂ ’ਚ ਹਰਨੀਆਂ ਦਾ ਹੋਣਾ ਵੀ ਹੋ ਸਕਦਾ ਹੈ ਜਾਨਲੇਵਾ

ਡਾ. ਐਚ.ਪੀ.ਐਸ. ਮਿਗਲਾਨੀ

ਬੱਚਿਆਂ ’ਚ ਹਰਨੀਆਂ ਹੋਣਾ ਇਕ ਆਮ ਬਿਮਾਰੀ ਹੈ। ਇਹ ਦੋ ਕਿਸਮ ਦੇ ਹੁੰਦੇ ਹਨ, ਅੰਦਰੂਨੀ ਤੇ ਬਾਹਰੀ ਹਰਨੀਆਂ। ਬਾਹਰੀ ਹਰਨੀਆਂ ਵਿਚ ਜਾਂਧ ਦਾ ਹਰਨੀਆਂ ਅਤੇ ਨਾਭੀ ਦਾ ਹਰਨੀਆਂ ਛੋਟੇ ਬੱਚਿਆਂ ਵਿਚ ਅਕਸਰ ਪਾਇਆ ਜਾਂਦਾ ਹੈ।

ਮਾਂ-ਬਾਪ ਅਕਸਰ ਨਾਭੀ ’ਚ ਜਾਂ ਜਾਂਘ ਵਿਚ ਕਿਸੇ ਦਰਦ ਰਹਿਤ ਉਭਾਰ ਨੂੰ ਦੇਖ ਡਾਕਟਰ ਤੋਂ ਸਲਾਹ ਲੈਂਦੇ ਹਨ। ਕਈ ਵਾਰ ਇਹ ਉਭਾਰ ਖੁਦ ਵੀ ਜਾਂ ਦਬਾਉਣ ਨਾਲ ਅੰਦਰ ਚਲਾ ਜਾਂਦਾ ਹੈ ਅਤੇ ਬੱਚੇ ਦੇ ਰੋਣ ਨਾਲ ਜਾਂ ਮੂਤਰ ਕਰਨ ਨਾਲ ਇਹ ਫਿਰ ਪ੍ਰਗਟ ਹੋ ਜਾਂਦਾ ਹੈ।

ਇਸ ਪ੍ਰਕਿਰਿਆ ਨੂੰ ਰੀਡਯੂਸਿਬੀਲਟੀ ਕਹਿੰਦੇ ਹਨ ਅਤੇ ਜੇਕਰ ਇਹ ਰੀਡਯੂਸਿਬੀਲਟੀ ਨਾ ਹੋਵੇ ਤਾਂ ਸਮਝੋ ਕਿ ਜਲਦ ਹੀ ਰੋਗੀ ਬੱਚਾ ਕਿਸੇ ਗਹਿਰੇ ਸੰਕਟ ਵਿਚ ਜਾਣ ਵਾਲਾ ਹੈ। ਦਰਅਸਲ, ਜਾਂਘ ਦਾ ਹਰਨੀਆਂ ਪੇਟ ਦੇ ਪੱਠਿਆਂ ਦੇ ਵਿਚ ਧੁੰਨੀ ਅਤੇ ਜਾਂਘਾਂ ਵਿਚ ਮੌਜੂਦ ਕਮਜ਼ੋਰ ਛੇਕ ਵਿਚ ਅੰਤੜੀਆਂ ਦੀ ਬਾਹਰੀ ਚਮੜੀ ਦੇ ਹੇਠਾਂ ਆ ਜਾਣ ਨੂੰ ਵੀ ਕਿਹਾ ਜਾਂਦਾ ਹੈ। ਪੇਟ ਦਾ ਦਬਾਅ ਵਧਾਉਣ ਨਾਲ ਜਿਵੇਂ ਕਿ ਜ਼ਿਆਦਾ ਰੋਣ ਨਾਲ ਜਾਂ ਮੂਤਰ ਪ੍ਰਕਿਰਿਆ ਦੇ ਦੌਰਾਨ ਲਗਾਏ ਗਏ ਜ਼ੋਰ ਨਾਲ ਇਹ ਅੰਤੜੀ ਇੰਗਯੂਨਲ ਰਿੰਗ ਵਿਚ ਫਸ ਜਾਵੇ ਤਾਂ ਇਹ ਇਕ ਸੰਕਟ ਦੀ ਸਥਿਤੀ ਦਾ ਰੂਪ ਧਾਰਨ ਕਰ ਲੈਂਦੀ ਹੈ। ਸਮਾਂ ਰਹਿੰਦੇ ਜੇਕਰ ਇਸ ਦਾ ਆਪ੍ਰੇਸ਼ਨ ਨਾ ਕੀਤਾ ਜਾਵੇ ਤਾਂ ਇਹ ਜਾਨਲੇਵਾ ਵੀ ਹੋ ਸਕਦਾ ਹੈ। ਅੰਤੜੀ ਫਸਣ ਨਾਲ ਬੱਚੇ ਦਾ ਪੇਟ ਫੁੱਲਣ ਲਗਦਾ ਹੈ ਅਤੇ ਉਲਟੀ ਵੀ ਆਉਣ ਲਗਦੀ ਹੈ, ਲਗਾਤਾਰ ਹੋਣ ਵਾਲੀ ਦਰਦ ਨਾਲ ਬੱਚਾ ਰੋਂਦਾ ਰਹਿੰਦਾ ਹੈ। ਇਸ ਸੰਕਟ ਦੀ ਸਥਿਤੀ ਦੇ ਪੈਦਾ ਹੋਣ ਨਾਲ ਜਾਂਘ ਦੇ ਹਰਨੀਆਂ ਹੋਣ ਦਾ ਜੋਖਮ ਬਹੁਤ ਜ਼ਿਆਦਾ ਹੁੰਦਾ ਹੈ ਅਤੇ ਇਸ ਲਈ ਜਾਂਘ ਦੇ ਹਰਨੀਆਂ ਦਾ ਆਪ੍ਰੇਸ਼ਨ ਜਲਦ ਤੋਂ ਜਲਦ ਕਰਵਾਉਣ ਵਿਚ ਹੀ ਬਚਾਅ ਹੈ।

ਅੱਜਕਲ੍ਹ ਤਰੱਕੀ ਦਾ ਯੁੱਗ ਹੈ ਅਤੇ ਛੋਟੇ ਤੋਂ ਛੋਟੇ ਬੱਚੇ ਵੀ ਸ਼ੱਲਯ ਚਿਕਿਤਸਾ (ਸਰਜਰੀ) ਨਾਲ ਬਚਾਏ ਜਾ ਸਕਦੇ ਹਨ। ਬੱਚਿਆਂ ਦੀ ਹਰਨੀਆਂ ਸਰਜਰੀ ਅੱਜਕਲ੍ਹ ਇਕ ਦਿਨ ਦੀ ਸਰਜਰੀ ਦੇ ਰੂਪ ਵਿਚ ਵਿਕਸਿਤ ਹੈ ਅਤੇ ਜਿਥੇ ਸੁਵਿਧਾਵਾਂ ਮੌਜੂਦ ਹੋਣ, ਉਥੇ ਇਹ ਸਰਜਰੀ ਦੂਰਬੀਨੀ ਵਿਧੀ ਦੁਆਰਾ ਅਰਥਾਤ ਮਿਨੀਮਲ ਐਕਸਿਸ ਸਰਜਰੀ ਵਿਸ਼ੇਸ਼ ਔਜ਼ਾਰਾਂ ਨਾਲ, ਬਿਨਾਂ ਲੰਬਾ ਚੀਰਾ ਦਿੱਤੇ ਅਤੇ ਬਿਨਾਂ ਬਾਹਰੀ ਟਾਂਕੇ ਦੇ ਹੀ ਸੰਭਵ ਹੈ।

ਦੂਰਬੀਨੀ ਵਿਧੀ ਦੁਆਰਾ ਸਰਜਰੀ ਕਰਨ ਦਾ ਇਕ ਫਾਇਦਾ ਇਹ ਵੀ ਹੈ ਕਿ ਦੂਜੇ ਪਾਸੇ (ਸੱਜੇ ਜਾਂ ਖੱਬੇ) ਦਾ ਅੰਦਰੂਨੀ ਮੁਆਇਨਾ ਵੀ ਹੋ ਜਾਂਦਾ ਹੈ ਅਤੇ ਇਹ ਨਿਸਚਿਤ ਰੂਪ ਨਾਲ ਪਤਾ ਲੱਗ ਜਾਂਦਾ ਹੈ ਕਿ ਅੱਗੇ ਚੱਲ ਕੇ ਹਰਨੀਆਂ ਹੋਵੇਗਾ ਹੀ ਨਹੀਂ। ਦੋਵੇਂ ਪਾਸੇ ਹਰਨੀਆਂ ਹੋਣ ਤਾਂ ਦੋਵਾਂ ਪਾਸਿਆਂ ਦਾ ਆਪ੍ਰੇਸ਼ਨ ਵੀ ਇਕ ਵਾਰ ਵਿਚ ਹੀ ਪੂਰਨ ਹੋ ਜਾਂਦਾ ਹੈ ਅਤੇ ਕੋਈ ਵੱਖਰਾ ਚੀਰਾ ਨਹੀਂ ਲਗਾਉਣਾ ਪੈਂਦਾ।

ਅੱਜਕਲ੍ਹ ਵੱਡੇ ਸ਼ਹਿਰਾਂ ਵਿਚ ਛੋਟੇ ਬੱਚਿਆਂ ਦੇ ਆਪ੍ਰੇਸ਼ਨ ਦੀਆਂ ਸੁਵਿਧਾਵਾਂ ਬਹੁਤ ਵਿਕਸਿਤ ਹਨ ਅਤੇ ਹਰਨੀਆਂ ਦਾ ਆਪ੍ਰੇਸ਼ਨ ਇਕ ਪਿਡਿਏਟਿ?ਕ ਸਰਜਨ ਦੁਆਰਾ ਸਰਲ ਆਪ੍ਰੇਸ਼ਨ ਦੇ ਰੂਪ ਵਿਚ ਦੇਖਿਆ ਜਾਂਦਾ ਹੈ। ਵੇਖਣ ਵਿਚ ਆਇਆ ਹੈ ਕਿ ਕੁਝ ਚਿਕਿਤਸਕ ਹਰਨੀਆਂ ਦੇ ਮਰੀਜ਼ ਨੂੰ ਇਕ ਸਾਲ ਜਾਂ ਦੋ ਸਾਲ ਦੀ ਉਮਰ ਤੱਕ ਇੰਤਜ਼ਾਰ ਕਰਨ ਦੀ ਸਲਾਹ ਦਿੰਦੇ ਹਨ ਜਾਂ ਫਿਰ ਕਿਸੇ ਹੋਰ ਇਲਾਜ ਵਿਧੀ ਨਾਲ ਇਲਾਜ ਕਰਵਾ ਕਰਵਾਉਣ ਲਈ ਪ੍ਰੇਰਿਤ ਕਰਦੇ ਹਨ।

*** ਕਦਮ ਪਿੱਛੇ ਨਾ ਹਟਾਉਣ ਵਾਲਾ ਹੀ ਸਫਲਤਾ ਨੂੰ ਜਿੱਤਦਾ ਹੈ। - ਰਿਗਵੇਦ**

# ਕਾਵਿ-ਕਿਆਰੀ

**ਲਫ਼ਜ਼ਾਂ ਦੀ ਲੋਏ-ਲੋਏ/ਹਰਬਖ਼ਸ਼ ਸਿੰਘ ਟਾਹਲੀ**



### ਵਸਲ

ਜਦੋਂ ਤੂੰ ਮੈਨੂੰ ਮਿਲਿਆ ਨਹੀਂ ਸੀ
ਪਤਾ ਨਹੀਂ ਤੂੰ ਕਿਦਾਂ ਦਾ ਸੀ?
ਮੈਂ ਤੇਰੇ ਥਹੁ ਟਿਕਾਣੇ ਤੋਂ ਵੀ ਨਾ ਵਾਕਿਫ ਸਾਂ
ਪਰ ਹੁਣ ਤੂੰ ਮਿਲ ਪਿਆ ਏਂ
ਤਾਂ ਤੈਨੂੰ ਛੱਡਣ ਨੂੰ ਜੀਅ ਨਹੀਂ ਕਰਦਾ।
ਮੈਂ ਪਹਿਲਾਂ ਵੀ ਤੇ ਬਸਰ ਕਰ ਰਿਹਾ ਸੀ ਜ਼ਿੰਦਗੀ
ਪਰ ਹੁਣ ਮੈਨੂੰ ਜ਼ਿੰਦਗੀ ਖ਼ੂਬਸੂਰਤ ਲੱਗਦੀਹੈ।
ਮੇਰੀ ਨਜ਼ਰ ਬਦਲ ਗਈ ਏ ਜਾਂ.....
ਤੇਰੀ ਹੋਂਦ ਨੇ ਮੇਰੇ ਆਲੇ-ਦੁਆਲੇ ਵਿਚ ਰੰਗਤ ਭਰ ਦਿੱਤੀ ਹੈ।
ਕੁਝ ਨਾ ਕੁਝ ਤੇ ਹੋਇਆ ਹੈ ਮੈਨੂੰ
ਮੈਂ ਪਹਿਲਾਂ ਚੰਗਾ ਸੀ ਜਾਂ ਹੁਣ.....
ਸ਼ਾਇਦ ਮੈਨੂੰ ਪਤਾ ਲੱਗੇਗਾ ਤੇਰੇ ਜਾਣ ਤੋਂ ਬਾਅਦ
ਪਰ ਮੈਂ ਕੋਸ਼ਿਸ਼ ਕਰਾਂਗਾ ਕਿ ਹੁਣ ਤੈਨੂੰ ਕਦੇ ਨਾ ਛੱਡ।
ਇਹ ਮੇਰਾ ਪਹਿਲਾ ਅਤੇ ਆਖਰੀ ਸੰਘਰਸ਼ ਹੋਵੇਗਾ।
ਹੁਣ ਮੈਨੂੰ ਤੇਰੀ ਹੋਂਦ ਨਾਲ ਪਿਆਰ ਹੋ ਗਿਆ ਹੈ
ਕਹਿੰਦੇ ਨੇ ਪਿਆਰ ਤਾਂ ਕਾਇਮ ਹੀ ਰਹਿੰਦਾ ਹੈ
ਵਿਛੜ ਜਾਣ ਦੇ ਬਾਅਦ ਵੀ।
ਪਰ ਸ਼ਾਇਦ ਉਹ ਕਾਲਪਨਿਕ ਪਿਆਰ ਹੁੰਦਾ ਹੈ।
ਪਿਆਰ ਦਾ ਝੰਗ ਬੂਟਾ ਤਾਂ ਵਸਲ ਵਿਚ ਪਲਦਾ ਹੈ।
ਏਸੇ ਲਈ ਤਾਂ ਹੁਣ ਤੈਨੂੰ ਛੱਡਣ ਨੂੰ ਦਿਲ ਨਹੀਂ ਕਰਦਾ
ਕਿਉਂਕਿ ਮੇਰੇ ਪਿਆਰ ਲਈ ਤੇਰਾ ਵਸਲ ਬੜਾ ਜ਼ਰੂਰੀ ਹੈ।

## ਸ਼ਬਦਾਂ ਦੇ ਸੰਜੋਗ

* ਮੌਤ ਦੀ ਕਦੇ ਉਡੀਕ ਨਹੀਂ ਕਰਨੀ ਚਾਹੀਦੀ, ਇਹ ਸਾਡੇ ਚਾਹੁਣ ਤੋਂ ਬਿਨਾਂ ਵੀ ਜ਼ਰੂਰ ਆ ਜਾਵੇਗੀ।
* ਚਮਚਿਆਂ ਨੂੰ ਕਦੇ ਸਲਾਹਕਾਰ ਨਾ ਬਣਾਓ, ਜਿਨ੍ਹਾਂ ਨੇ ਮਿੱਤਰ ਦੀ ਬਜਾਏ ਚਮਚਿਆਂ ਨੂੰ ਆਪਣੇ ਸਲਾਹਕਾਰ ਬਣਾਇਆ ਹੈ ਉਹਨਾਂ ਦੇ ਵੱਡੇ ਨੁਕਸਾਨ ਹੋਏ ਹਨ।
* ਪੂਰਾ ਸੱਚ ਲਿਖਣਾ, ਬੋਲਣਾ ਅਤੇ ਸੁਨਣਾ ਬੜਾ ਔਖਾ ਹੁੰਦਾ ਹੈ।
* ਮੌਤ ਦੇ ਲਾਗੇ ਜਾ ਕੇ ਮਨੁੱਖ ਬੀਤੇ ਸਮੇਂ ਲਈ ਪਛਤਾਉਂਦਾ ਹੈ ਅਤੇ ਆਉਣ ਵਾਲੇ ਸਮੇਂ ਲਈ ਘਬਰਾਉਂਦਾ ਹੈ।
* ਬਚਪਨ ਵਿਚ ਬੱਚੇ ਦੇ ਮੂੰਹ ਵਿਚ ਮਾਂ ਬੁਰਕੀਆਂ ਪਾਉਂਦੀ ਹੈ ਅਤੇ ਉਂਗਲ ਫੜ ਕੇ ਖੜ੍ਹਾ ਕਰਦੀ ਹੈ। ਬੁਢਾਪੇ ਵਿਚ ਮਾਂ ਵੀ ਚਾਹੁੰਦੀ ਹੈ ਕਿ ਹੁਣ ਉਹਦਾ ਬੱਚਾ ਉਸ ਦੇ ਮੂੰਹ ਵਿਚ ਬੁਰਕੀ ਪਾਵੇ ਤੇ ਡਿੱਗੀ ਹੋਈ ਨੂੰ ਖੜ੍ਹਾ ਕਰੇ।
* ਸਿਆਸੀ ਬੰਦੇ ਨਾ ਕਿਸੇ ਨਾਲ ਲੜਦੇ ਹਨ ਅਤੇ ਨਾ ਹੀ ਕਿਸੇ ਨਾਲ ਪਿਆਰ ਪਾਲਦੇ ਹਨ।
* ਜੇ ਔਲਾਦ ਹੋਣਹਾਰ ਨਿਕਲ ਆਵੇ ਤਾਂ ਉਸ ਲਈ ਬਹੁਤੀ ਜਾਇਦਾਦ ਬਣਾਉਣ ਦੀ ਲੋੜ ਨਹੀਂ ਹੁੰਦੀ ਤੇ ਵਿਗੜੀ ਹੋਈ ਔਲਾਦ ਲਈ ਵੀ ਬਹੁਤੀ ਜਾਇਦਾਦ ਬਣਾਉਣ ਦੀ ਲੋੜ ਨਹੀਂ ਹੁੰਦੀ।
* ਜੇ ਬੁੱਧ ਕੋਲ ਕੰਪਿਊਟਰ ਹੁੰਦਾ ਤਾਂ ਸ਼ਾਇਦ ਹੁਤ ਕੁਝ ਜਾਣ ਲੈਣ ਦੇ ਬਾਵਜੂਦ ਵੀ ਉਹ ਉਸ ਗਿਆਨ ਤੋਂ ਵਾਂਝਿਆਂ ਰਹਿ ਜਾਂਦੇ ਜੋ ਉਨ੍ਹਾਂ ਨੇ ਜਾਣਿਆ ਸੀ।
* ਕੁੱਤੇ ਆਪਣੇ ਮਾਲਕ ਦੀ ਵਫ਼ਾਦਾਰੀ ਦਰਸਾਉਣ ਲਈ ਭੌਂਕਦੇ ਹਨ ਚੋਰਾਂ ਨੂੰ ਫੜਨ ਲਈ ਨਹੀਂ।
* ਜਦੋਂ ਕਿਸੇ ਦਾ ਸਨਮਾਨ ਹੁੰਦਾ ਹੈ ਤਾਂ ਲੋਕ ਉਸ ਦੇ ਗੁਣ ਅਤੇ ਔਗੁਣਾਂ ਦਾ ਪ੍ਰਸੰਗ ਛੇੜ ਲੈਂਦੇ ਹਨ।

**ਹਰਬਖ਼ਸ਼ ਸਿੰਘ ਟਾਹਲੀ**

**ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !**

# ਬਾਬਾ ਮੱਖਣ ਸ਼ਾਹ ਭਵਨ ਨੂੰ ਮਾਇਆ ਦੇਣ ਵਾਲੇ ਦਾਨੀ ਸੱਜਣਾਂ ਦੀ ਸੂਚੀ

## ਮਿਤੀ 30-03-2019 ਤੋਂ 15-04-2019

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਸ. ਜਗਮੋਹਨ ਸਿੰਘ<br>ਮਕਾਨ ਨੰ-390, ਸੈਕਟਰ-16, ਪੰਚਕੂਲਾ (ਹਰਿਆਣਾ) | 1000/- | ਆਈ-258 | 06-04-2019 |
| 2. | ਸਰਦਾਰਨੀ ਹਰਪ੍ਰੀਤ ਕੌਰ ਪੇਲੀਆ<br>ਮਕਾਨ ਨੰ-2218, ਸੈਕਟਰ-38ਸੀ. ਚੰਡੀਗੜ੍ਹ। | 1100/- | ਆਈ-259 | 14-04-2019 |
| 3. | ਸ. ਰਵਿੰਦਰ ਸਿੰਘ ਜਨਰਲ ਸਕੱਤਰ<br>ਮਕਾਨ ਨੰ-2092, ਸੈਕਟਰ-45ਸੀ, ਚੰਡੀਗੜ੍ਹ। | 200/- | ਆਈ-260 | 14-04-2019 |
| 4. | ਪੰਡਿਤ ਸ਼੍ਰੀ ਰਾਮ ਕੁਮਾਰ,<br>ਠੇਕੇਦਾਰ ਕਨਟੀਨ ਬਾਬਾ ਮੱਖਣ ਸ਼ਾਹ ਲੁਬਾਣਾਂ ਫਾਉਂਡੇਸ਼ਨ,<br>ਸੈਕਟਰ 30-ਏ, ਚੰਡੀਗੜ੍ਹ। | 500/- | ਆਈ-261 | 14-04-2019 |
| 5. | ਸ. ਜਗੀਰ ਸਿੰਘ ਲਾਲੀਆ<br>ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ,<br>ਸੈਕਟਰ-30-ਏ, ਚੰਡੀਗੜ੍ਹ।<br>ਮਕਾਨ ਨੰ-1838, ਸੈਕਟਰ-7, ਮੋਹਾਲੀ। | 500/- | ਆਈ-262 | 14-04-2019 |
| 6. | ਸ. ਗਿਆਨ ਸਿੰਘ ਮੁਲਤਾਨੀ<br>ਮਕਾਨ ਨੰ-42, ਸੈਕਟਰ-16ਏ, ਚੰਡੀਗੜ੍ਹ। | 500/- | ਆਈ-263 | 14-04-2019 |
| 7. | ਸ. ਅਮਰਜੀਤ ਸਿੰਘ<br>ਪੁੱਤਰ ਸ. ਗਿਆਨ ਸਿੰਘ ਮੁਲਤਾਨੀ<br>ਮਕਾਨ ਨੰ-42, ਸੈਕਟਰ-16ਏ, ਚੰਡੀਗੜ੍ਹ। | 500/- | ਆਈ-264 | 14-04-2019 |
| 8. | ਸ. ਬਲਵਿੰਦਰ ਸਿੰਘ ਮੁਲਤਾਨੀ<br>ਸੀਨੀਅਰ ਵਾਇਸ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਚੰਡੀਗੜ੍ਹ।<br># 541, ਫੇਸ-3ਏ, ਮੋਹਾਲੀ। | 200/- | ਆਈ-265 | 14-04-2019 |
| 9. | ਸ. ਐਨ.ਪੀ. ਸਿੰਘ<br>ਮਕਾਨ ਨੰ-2249, ਸਟਾਰ ਇਨੰਕਲੇਵ,<br>ਸੈਕਟਰ-48-ਸੀ, ਚੰਡੀਗੜ੍ਹ। | 200/- | ਆਈ-266 | 14-04-2019 |
| 10. | ਸੂਬੇਦਾਰ ਮੇਜਰ ਅਮਰਜੀਤ ਸਿੰਘ<br>ਐਚ.ਐਮ-102, ਫੇਸ-3ਬੀ1, ਮੋਹਾਲੀ। | 200/- | ਆਈ-267 | 14-04-2019 |

| | | | | |
|---|---|---|---|---|
| 11. | ਸ. ਸੁਰਿੰਦਰ ਸਿੰਘ, ਸੈਕਟਰ-47, ਚੰਡੀਗੜ੍ਹ। | 200/- | ਆਈ-268 | 14-04-2019 |
| 12. | ਸ. ਚਰਨਜੀਤ ਸਿੰਘ ਲੁਬਾਣਾ<br>ਮਕਾਨ ਨੰ- ਐਚ.ਐਲ-600, ਫੇਸ-9, ਮੋਹਾਲੀ।<br>ਪ੍ਰਧਾਨ ਯੁਨਾਇਟਿਡ ਵੈਲਫੇਅਰ ਐਸੋਸੀਏਸ਼ਨ,<br>ਸੈਕਟਰ-63, ਫੇਸ-9, ਮੋਹਾਲੀ। | 500/- | ਆਈ-269 | 14-04-2019 |
| 13. | ਸ. ਜਗਬੀਰ ਸਿੰਘ<br>ਮਕਾਨ ਨੰ-2278ਏ,<br>ਸੈਕਟਰ-42ਸੀ, ਚੰਡੀਗੜ੍ਹ। | 200/- | ਆਈ-270 | 14-04-2019 |
| 14. | ਸ. ਲਖਵਿੰਦਰ ਸਿੰਘ ਮਿਆਨੀ<br>ਵਾਰਡ ਨੰ-4, ਪਿੰਡ ਅਤੇ ਡਾਕਖਾਨਾ-ਮਿਆਨੀ,<br>ਜ਼ਿਲ੍ਹਾ-ਹੁਸ਼ਿਆਰਪੁਰ। | 200/- | ਆਈ-271 | 14-04-2019 |
| 15. | ਸ. ਰਾਜਪਾਲ ਸਿੰਘ<br>ਰਿਜ਼ਨਲ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਚੰਡੀਗੜ੍ਹ।<br>ਮਕਾਨ ਨੰ-43, ਮਨੀ ਮਾਜਰਾ। | 500/- | ਆਈ-272 | 14-04-2019 |
| 16. | ਗੁਪਤ ਦਾਨ | 100/- | ਆਈ-273 | 14-04-2019 |
| 17. | ਗੁਪਤ ਦਾਨ | 100/- | ਆਈ-274 | 14-04-2019 |
| 18. | ਸੂਬੇਦਾਰ ਮੇਜਰ ਜਸਪਾਲ ਸਿੰਘ<br>ਮਕਾਨ ਨੰ-18, ਏ.ਕੇ.ਐਸ ਕਲੋਨੀ, ਜ਼ੀਰਕਪੁਰ। | 200/- | ਆਈ-275 | 14-04-2019 |
| 19. | ਸ. ਗੁਰਬਚਨ ਸਿੰਘ<br>ਮਕਾਨ ਨੰ-2808/2, ਸੈਕਟਰ-47-ਸੀ, ਚੰਡੀਗੜ੍ਹ। | 100/- | ਆਈ-276 | 14-04-2019 |
| 20. | ਸ. ਹਰਦਿਆਲ ਸਿੰਘ ਘੋਤੜਾ<br>ਵਿੱਤ ਸਕੱਤਰ, ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ।<br>ਮਕਾਨ ਨੰ-11, ਸੰਗਮ ਇਨਕਲੇਵ,<br>ਸੈਕਟਰ-48ਏ, ਚੰਡੀਗੜ੍ਹ। | 200/- | ਆਈ-277 | 14-04-2019 |
| 21. | ਗੁਪਤ ਦਾਨ | 100/- | ਆਈ-278 | 14-04-2019 |
| 22. | ਸ. ਭਗਤ ਸਿੰਘ ਆਈ.ਏ.ਐਸ. (ਰਿਟਾ.)<br>ਮਕਾਨ ਨੰ-795, ਫੇਸ-3ਬੀ-1, ਮੋਹਾਲੀ। | 500/- | ਆਈ-279 | 14-04-2019 |
| 23. | ਕਰਨਲ ਹਰਦਿੱਤ ਸਿੰਘ<br>ਮਕਾਨ ਨੰ-105/2,<br>ਰੋਆਇਲ ਏਸਟੇਟ, ਜ਼ੀਰਕਪੁਰ। | 500/- | ਆਈ-280 | 14-04-2019 |
| 24. | ਸ. ਜਸਬੀਰ ਸਿੰਘ ਮੁਲਤਾਨੀ<br>ਮਕਾਨ ਨੰ-580, ਫੇਸ-11, ਮੋਹਾਲੀ। | 200/- | ਆਈ-281 | 14-04-2019 |

| | | | | |
|---|---|---|---|---|
| 25. | ਸ. ਇੰਦਰਜੀਤ ਸਿੰਘ ਭਗਤਾਨਾ | 200/- | ਆਈ-282 | 14-04-2019 |
| | ਮਕਾਨ ਨੰ-1759, ਸੈਕਟਰ-43ਡੀ, ਚੰਡੀਗੜ੍ਹ। | | | |

**ਭਵਨ ਵਿਖੇ ਸੋਲਰ ਸਿਸਟਮ ਲਗਵਾਉਣ ਲਈ ਦਾਨ ਦੇਣ ਵਾਲੇ ਦਾਨੀ ਸੱਜਣ**

| | | | | |
|---|---|---|---|---|
| 1. | ਸ. ਸੇਵਾ ਸਿੰਘ | 11,000/- | ਆਈ-256 | 30-03-2019 |
| | ਪੁੱਤਰ ਸ. ਸਰਦਾਰਾ ਸਿੰਘ | | | |
| | ਮਕਾਨ ਨੰ-437, ਵਾਰਡ ਨੰ-15, ਰੰਧਾਵਾ ਕਲੋਨੀ, | | | |
| | ਮੁਕੇਰੀਆਂ, ਜ਼ਿਲ੍ਹਾ-ਹੁਸ਼ਿਆਰਪੁਰ। | | | |
| 2. | ਸ. ਅਮਰੀਕ ਸਿੰਘ ਸੰਧੋਰਾ | 1000/- | ਆਈ-257 | 02-04-2019 |
| | ਜ਼ਿਲ੍ਹਾ-ਜਮੁਨਾ ਨਗਰ, ਹਰਿਆਣਾ। | | | |
| 3. | ਸੂਬੇ. ਅਜੀਤ ਸਿੰਘ | 100,000/- | ਆਈ-284 | 15-04-2019 |
| | ਪੁੱਤਰ ਸ. ਖਜਾਨ ਸਿੰਘ | | | |
| | ਮਕਾਨ ਨੰ-6, ਪ੍ਰਕਾਸ਼ ਨਗਰ, ਜਲੰਧਰ। (ਸੁਭਾਨਪੁਰ ਵਾਲੇ) | | | |

# Congratulations For Cracking UPSC-Civil Services



S. Harvinder Singh, S/o-S.Gurmeet Singh have cleared the U.P.S.C Examination with 335 rank. S. Harvinder Singh is the grand son of S.Hazarasingh brother of Late.S.Piara Singh M.L.C of Ranbir Singh Pura (NawanShahar) J&K.

Presently the family is living at vill-kotliMianFateh, Bishnah, Distt-Jammu,Where they have well established business. Three girls of the family are Doctors. He earned Civil Eng. Degree from NIT Srinagar in 2013. S.Harvinder Singh was working as AE in PwD J&K.

S.Harvinder Singhpopularly known as job eater amongst his batch mates, whatever examination he would appear clear in distinctions and a known debaters in Sainik School Nagrota Batch of 2002-2009. His batch mates strength of 60 have the distinctions where in 55 cleared the NDA Examination and finally 22 of them joined the Academy at Kharagwasla.

**Baba Makhan Shah Lobana Foundation Sector-30-A,Chandigarh congratulates him and his parents for the great achievement.S.Harvinder Singhis proud of theLobanacommunity.**

**Sub. Maj. Amarjit Singh**
**Mohali.**

# Special on the eve of Birthday Bebe Nanki Ji

ਇੰਜੀਨੀਅਰ ਪਰਮਿੰਦਰਜੀਤ ਸਿੰਘ/ਸੰਪਾਦਕ, 99153-57524

A sister's love for her brother is a perennial theme of Punjabi folklore. There are many stories of Bebe Nanki Ji's deep and devoted affection for her brother, Nanak ji, five years older then Guru Nanak, she was the first to recognize his spiritual eminence and to become his devotee. She protected Nanak from their father's wrath, when repeatedly he disappointed and angered him.

Bebe Nanki Ji, daughter of Kalian Chand (Baba Kalu Ji) and Mata Tripta Ji, was born in 1464 in her mother's home at village of chahal, Now in Lahore district of Pakistan Punjab. The Guru's love for his sister is referred to in most touching terms in some of the sakhies. She (Bebe Nanki Ji) was with him (Guru Nanak Ji) throughout the early years of his childhood. When Guru Nanak Dev ji was only six years old in 1475, Nanki Ji was married to Jai Ram, a revenue official of very good reputation, at Sultanpur, Now called as Sultanpur Lodhi, which is the present native state of kapurthala and was then capital of jalandhar doaba. Guru Nanak Dev ji continued to live at his home. He rebelled against any norms that were imposed without reason. He loved to be in the company of saints who were the wise men of the day and gave money away to poors and hungries. His father dispaired of never being able to make him behave and take on a respectable position in the village and so it was that his father gave up and so, at the age of fifteen, Guru Nanak Ji was sent to live with his sister (Actually in some of the books or we can say in history, It is written or observed that the husband of Bebe Nanki Ji i.e. Jai Ram Ji taken Nanak Ji with him at sultanpur where he Worked in Modhi-khana.

It was Jai Ram and Bebe Nanaki who arranged the wedding of Nanak to Sulakhani, daughter of Moolchand Khatri and Mata Chando of the village Pakhoke, District Gurdaspur.

Bebe Nanki ji loved Nanak ji's sons, Sri Chand and Lakhmidas, as her own. Guru Nanak receprocated her affection and after he had quit the Nawab's service to go out to preach his message he did not fail to visit sultanpur and meet his sister between whiles. Once as he visited her in 1518, Bebe Nanaki seeing her end near, detained him a shortwhile. As she has wished, she departed this life in the presence of her brother Guru Nanak Dev Ji. Three days later, her husband, Jai Ram, also expired. Guru Nanak himself performed their obsequies.

* * *

# The Farmers' Distress: Is it due to market failure or Government failure?

**How these can be corrected?**

Malcolm Darling in his book "The Punjab Peasant in Prosperity and Debt" (1925) had documented that an Indian farmer remains in the distress in his whole life. He posits that an Indian farmer is born in debt, lives in debt and dies in debt. This story of Indian farmer's distress is a century old, but it is still applicable. The other countries of the world have also experienced similar conditions and distress by farmers. In other words, the world is no alien to farm debt cries like the India is experiencing. The US Farm Bill (2018), safety net legislation for farmers, is re-enacted every five years, was originally introduced in 1930s to protect farmers interest. During 1980s, farmers in Canada were in distress due to deflation in agricultural prices and rise in the interest rate on farm debt. Canada enacted a law to stop foreclosures on agricultural debt. The government identified the insolvent farmers and acted as a mediator to facilitate the agreement between farmers and money lenders. It also helped some farmers to shift to other non-farm occupations. Recently, we common people in India are silently looking at a debate on farm distress among the politicians, policy makers, economists and farmers' organizations. In the past a focus was on farm subsidies and freebees and now it has shifted to wavering of farm loans. Al these are only a palliative measures and not a sustainable cure for farm distress in the long run. There is a need first to diagnose the problem and then provide remedies accordingly.

**The Case of Market Failure**

The Government of India set up the Agricultural Price Commission in 1965; it was renamed as Commission of Agricultural Cost and Prices in 1991, to suggest minimum support prices and procurement prices for 23 agricultural goods. However, it was felt by the farmers and their organizations that minimum support prices that farmers received were less as compared to their costs of production. MS Swaminathan suggested that MSP must be equal to at least 1.5 times A2+FL costs. But, in practice there is no procurement of most of crops. And, it is reported that farmers are compelled to sell their agricultural goods at below the 25-30% of the MSP. OECD-ICRIER reported that Indian farmers have received 14% lower prices than the global prices between 2000-01 and 2016-17 due to various exports barriers on farm goods. Just, imagine the condition of small and marginal farmers who have to accept still lower market prices due to their financial vulnerability. The statistics shows that for the last three years, due to food deflation in India, farmers' distress has further accumulated. Is it due to ineffective implementation of MSP or due to the market realities? It is due to both. Farmers have to sell their produce as they cannot store for future to sell at higher prices in the off-season. There is a problem of storage facility

including cold storage, spot and future markets for agricultural products, processing of perishable produce into high value added products, the accumulated debt of farmers and financial exclusion of small and marginal farmers.

It is generally believed that farm sector operates under perfect competition. But, this is a wrong perception. The basic assumption of perfect completion is perfect information about the market. But, the farm activities operate under risky and uncertain situations. Moreover, the farmers act under imperfect information. The production of agricultural products for a given period is rigid as most of the agricultural products are produced in cycle of a year. Thus, its supply is perfectly inelastic. And, its demand is highly inelastic as the agricultural products are necessity in nature. Thus, the over-production of a crop leads to drastic fall in its price and under-production shoots its price up. It creates a wrong data base of information for future farming operations. The farmers form their individual expectations for growing of particular crops in the next season on the basis of this past imperfect information. They are not provided perfect information. It leads them to irrational expectations and decisions those results in overproduction or under-production of chosen crops. The overproduction leads to fall in prices, and thereby farmers suffer huge losses. It is more prevalent in vegetable goods markets. It is the case of the market failure.

**How to Correct Market Failure?**

How to create perfect information in the farm market? This can be done by preparing a National Register of Farm Crops. This Register should include a comprehensive Data-base on farm crops at the national level. This Register can be maintained by an autonomous government body. It can work in the following ways: First, estimate the total potential demand for different crops from different regions for a given year. Second, similarly, estimate the potential supply of all crops. It could split region-wise production of different crops at different agricultural seasons. Third, maintain the record of the total area under cultivation of different crops in specific regions, their time sequence, area-specific costs and productivity of different crops, resource/water consumption and resources intensity of different crops, environmental impact and sustainability of crops in specific regions.

The National Register of Farm Crops can help the farmers how to take appropriate decisions regarding the cultivation of particular crops in particular regions at a specific time. The farmers can decide their cropping patterns accordingly and may shift from one crop to another according to the demand. It will lead to a proper co-ordination among the farmers at national level and will remove the glitches of over production or under-production. Thus, the register will provide correct and perfect information about the total demand and supply of different farm crops for different regions at different times of a year. It will increase the transparency and co-ordinations in APMCs and efficiency in the markets thereby leading to profitable realization in agriculture prices, what to talk about low prices. It would not only remove the farmers' distress but also save the scarce natural resources and will lead to sustainable

farm growth.

**The Case of Government Failure**

India is predominantly a rural economy with 66 per cent of its population living in rural areas. And, more than 60% of rural households reported agriculture as their primary occupation. In some states, as much as 80 % rural families are dependent on agriculture. It means a huge vote bank in the rural area. So, the political class conveys their atonement to the farmers' distress for their political gait without taking into consideration the economic rationality of their decisions. It leads to bad economics. It has been argued that the extreme slow growth in agriculture is ascribed to the low public investment in agriculture after the liberalization in India. And, the low growth in public investment in agriculture is due to the shifting of government expenditure in freebees, subsides and wavering of loans. The freebees not only lead to budget deficits of the government but also environmental degradation as free power has done in Punjab Furthermore, farmers distress also increases during the droughts and floods when they are not compensated due to the failure of the crop insurance scheme.

Credit is a critical source for farmers for their agricultural operations, meeting consumption and pecuniary expenses. Agriculture bagged only 8.34% of total Bank loans in 2018 whereas it contributes 14% share in India's GDP and 50 % in India's labor market. The share of institutional loan is 64% in total loan of agriculture and remaining 34% comes from money lenders. Moreover, it is highly iniquitous as larger farmers are hogging the lion's share as they pocketed 80% of the total institutional loan, and it squeezed to 20% for small farmers. More than 85% of India's farmers have small (1-2 hectare) and marginal (0-1 hectare) holdings, and under the priority sector criterion minimum 8% of the agricultural lending should reach them. However, institutional sources don't lend them sufficient funds on the pretext of moral hazard of non-repayment and adverse selection of credit for non-agricultural uses. It forces them to depend upon money lenders who charge usurious rate of interest ranging between 24 to 36 percent per annum. And, when there is a situation of loan wavering, it consumes substantial fiscal resources of the government and ends up benefiting less than 10% of the deserving farmers. Thus, loan wavering is tilted towards larger farmers. This is the case of a government failure.

**How to correct Government failures?**

When the taxes are collected from taxpayers, its spirit is to return these in the form of social services. It means the public money should be used for social welfares. But, the political class sometimes uses public money like private money for meeting their narrow ends. The public money kept for agriculture development should go to agricultural research for new varieties of goods, innovation in production methods to increase agriculture productivity, infrastructure, marketing and access to markets, storage facilities and better functioning of land markets. The efforts should be made to increase the share of non-farm incomes in the total farm incomes. It can be done by promoting dairy farming, piggery, fish farming, etc. The government should

facilitate land consolidation through effective leasing, cooperative farming and contract farming. The marginal and small farmers can especially gain through these measures. There should be guarantee of institutional credit to all types of owner cultivators, tenant cultivators and agriculture workers. The crop insurance system should be strengthened. In case of crop failure, full compensation should be made to the farmers. For meeting cultivation expenditure, direct income support to the farmers before the sowing season can be more useful method. In the long run for sustainability of agriculture sector, agriculture labor force needs to be transferred to non-agriculture sectors. Lewis had long before suggested that disguised unemployment in agriculture could be used as a capital formation in the industrial sector. For this, industry especially agro-industry should be established in rural areas to generate employment so that labor dependence on agriculture could be reduced. Arvind Panagariya supports the creation of the labor intensive manufacturing in India. He posits that it does not matter whether it is 'export led' growth or not. For achieving this goal, the share of manufacturing sector in GDP should increase from 16% at present to 25% in future. The employment generation capacity of the economy and thereby shifting labor force from agriculture is what matters more to the farmers as 85% Indian farmers want to quit the agriculture if given chance. Farming as full-time profession should be replaced by part-time profession.




**Dr. Puran Singh, Professor and Head, PG Department of Economics,SCD Government College, Ludhiana.**



**Er. Taniya Singh (Germany) D/O Col. Varpaul Singh (Retd.) Grand D/O S. Santokh Singh Ghotra SP (Retd) weds Er. Amritpal Singh Sodhi (Germany) S/O S . Balwinder Singh Sodhi, SDO (Retd.) on 24 Feb 2019 at Mandakini Farms, Jalandhar City.**



# MATRIMONIAL



Suitalbe match for beautiful girl Age 27, Height: 5'3"Date of Birth: 17-Jan-1991, Education: Masters-Management College (s) Attended: Indian Institute of Technology Delhi - MBA in Operations and IT Deenbandhu Chhotu Ram University of Science & Technology - B.Tech in CSE, Working As: Group Manager with Amazon, Father-Businessman, Transportation, Mother-Home maker, Siblings: 1 younger brother, studying. Father's phone number 9416023670, Mothers phone number 9729471270

* * * * *

Suitable match for Manglik Sharma girl born on May 7, 1990, Height – 5’4”, Gotar :-Gautam/Kaushal, BEd, Med, MA English,UGC Net cleared CTET Cleared and HTET, PTET cleared , PhD pursuing. Serving an Assistant Professor in Mohali. Contact after matching kundali. Mob No.-99885-88123

* * * * *

Suitable match for handsome lobana sikh boy Dob-31-03-1990/5'7”, education- M.C.A from Delhi University. Teacher in Army Public School Jalandhar Cantt. Annual package R.3-6 Lacs. Father retired from Delhi police. Now settled in Jalandhar permanently. Contact no-88268-18449, 81460-75553

* * * * *

Suitable qualified match for Lubana Sikh Turbaned boy, Height 6ft., Aug 1990, Bachelors in Cyber Security & Forensics. Working as Cyber Forensics Consultant in Gurgaon. Annual package Rs.18 Lacs. Seeking educated girl either settled in India or abroad. Contact 9872157495, 6284767292

* * * * *

PROFESSIONALLY QUALIFIED GIRL REQUIRED FOR LUBANA SIKH BOY BORN'APRIL,1991, Height 5’ 11”, BE,MBA (FIN), MNC ASSTT

**MANAGER, EARLY AND SIMPLE MARRIAGE.**

**CONTACT - 09417145424,8360907886.**

* * * * *

**Suitable match for Lubana Sikh Turband boy Feb 1989 born height 5'9" B Tech CSE, Project Manager with Apple at California USA drawing USD one lac per annum. Belongs to well educated family.**

**Contact No 8146549765, 9417122809.**

* * * * *

**Suitable match for a Widow Lobana girl height-5'6", D.o.b-11-08-1986, Education +2(Arts),ITI (Fashion Designing), residence of Mohali, Father-Ram Niranjan, Mother-Kanta Rani**

**Contact no-97800-93687, 98785-05838 .**

* * * * *

**Suitable match for Lobana Sikh Beautiful girl height-5'3", D.o.b-26-05-1986,Education-Ph.D Food Technology. Job-Asst.Professor drawing, Salary- 30,000/- Pm, Only brother Army Major, Father retired Supt.Engineer Thermal Plant, Mother M.A Homely. Contact no-93550-84781, 94638-03824.**

* * * * *

**Suitable match for qualified girl height-5'4, D.o.b-Dec/1987, Complexion-Fair, Education M.Sc. Chemistry, B.Ed, Working as PGT Chemistry Teacher, Village- Budhlada, distt- Mansa. Contact no. 94785-01310.**

* * * * *

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

# 27-04-2019 ਨੂੰ ਫਾਊਂਡੇਸ਼ਨ-ਡੇ ਦੀਆਂ ਕੁਝ ਝਲਕੀਆਂ























Regd No. 32212/78 Postal No.-- G/CHD/0111/2018-2020

# ਵਿਸਾਖੀ ਮੌਕੇ 'ਤੇ ਨਗਰ ਕੀਰਤਨ ਦਾ ਸਵਾਗਤ ਕਰਦੇ ਹੋਏ ਪ੍ਰਧਾਨ ਜਗੀਰ ਸਿੰਘ ਲਾਲੀਆ ਅਤੇ ਮੈਨੇਜਮੈਂਟ ਕਮੇਟੀ






# ਨਰਾਇਣਗੜ੍ਹ ਵਿਖੇ ਲਗਾਏ ਗਏ ਕੈਂਪ ਦੀਆਂ ਝਲਕੀਆਂ



